# ਨਿਡਰਤਾ

ਦੂਜੇ ਪਾਤਸ਼ਾਹ ਗੁਰੂ ਅੰਗਦ ਸਾਹਿਬ ਜੀ ਦੇ ਜੀਵਨ ਵਿੱਚੋਂ ਜਿੱਥੇ ਹੁਕਮ ਮੰਨਣ ਦਾ ਗੁਣ ਭਰਪੂਰ ਝਲਕਾਂ ਮਾਰਦਾ ਨਜ਼ਰ ਆਉਂਦਾ ਹੈ, ਉੱਥੇ ਇੱਕ ਹੋਰ ਸਿੱਖੀ ਜੀਵਨ ਜਾਚ ਦੀ ਚੜ੍ਹਦੀ ਕਲਾ ਦਾ ਗੁਣ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥" ਦਾ ਪ੍ਰਗਟਾਵਾ ਵੀ ਬਹੁਤ ਦ੍ਰਿੜਤਾ ਤੇ ਸੁੰਦਰ ਤਰੀਕੇ ਨਾਲ ਹੇਠ ਲਿਖੀ ਘਟਨਾ ਤੋਂ ਪਤਾ ਲਗਦਾ ਹੈ ।

26 ਦਸੰਬਰ ਸੰਨ 1530 ਈਸਵੀ ਵਿੱਚ ਬਾਬਰ ਦੀ ਆਗਰਾ ਵਿਖੇ ਮੌਤ ਹੋ ਗਈ ਤੇ ਉਸਦਾ ਪੁੱਤਰ ਹੁਮਾਯੂੰ ਗੱਦੀ ਤੇ ਬੈਠਾ । ਉਸਨੇ ਰਾਜ ਦਾ ਬਹੁਤ ਵੱਡਾ ਹਿੱਸਾ ਆਪਣੇ ਭਰਾਵਾਂ ਨੂੰ ਦੇ ਦਿੱਤਾ । ਪਰ ਨਾਲ ਹੀ ਨਾਲ ਇਸਨੇ ਸ਼ੇਰ ਸ਼ਾਹ ਸੂਰੀ ਨੂੰ ਸੰਨ 1532 ਈਸਵੀ ਵਿੱਚ ਹਰਾ ਕੇ ਬਿਹਾਰ ਅਤੇ ਬੰਗਾਲ ਉੱਤੇ ਕਬਜ਼ਾ ਕਰ ਲਿਆ ਅਤੇ ਸ਼ੇਰ ਸ਼ਾਹ ਸੂਰੀ ਨੂੰ ਜੌਨਪੁਰ ਦਾ ਕਿਲ੍ਹੇਦਾਰ ਬਣਾ ਦਿੱਤਾ । ਲੇਕਿਨ ਸ਼ੇਰ ਸ਼ਾਹ ਸੂਰੀ ਨੇ ਮੌਕਾ ਵੇਖ ਕੇ ਆਪਣੀ ਤਾਕਤ ਨੂੰ ਫੇਰ ਇਕੱਠਾ ਕੀਤਾ ਅਤੇ 26 ਜੂਨ ਸੰਨ 1536 ਈਸਵੀ ਵਿੱਚ ਚੋਮਾ ਦੇ ਮੈਦਾਨ ਵਿੱਚ ਹੁਮਾਯੂੰ ਨੂੰ ਹਰਾ ਦਿੱਤਾ । ਹੁਮਾਯੂੰ ਨੇ ਬੜੀ ਮੁਸ਼ਕਿਲ ਨਾਲ ਨੱਸ ਕੇ ਆਪਣੀ ਜਾਨ ਬਚਾਈ । ਇਸ ਤੋਂ ਕੁਝ ਸਮੇਂ ਬਾਅਦ ਹੁਮਾਯੂੰ ਨੇ ਆਗਰੇ ਵਿੱਚ ਆ ਕੇ ਫਿਰ ਆਪਣੀਆਂ ਫ਼ੌਜਾਂ ਇਕੱਠੀਆਂ ਕੀਤੀਆਂ ਤੇ 17 ਮਈ ਸੰਨ 1540 ਈਸਵੀ ਨੂੰ ਸ਼ੇਰ ਸ਼ਾਹ ਸੂਰੀ ਨਾਲ ਜੰਗ ਲੜੀ । ਲੇਕਿਨ ਹੁਮਾਯੂੰ ਨੂੰ ਸ਼ੇਰ ਸ਼ਾਹ ਸੂਰੀ ਕੋਲੋਂ ਦੁਬਾਰਾ ਬਹੁਤ ਵੱਡੀ ਹਾਰ ਖਾਣੀ ਪਈ । ਹੁਮਾਯੂੰ ਬੜੀ ਮੁਸ਼ਕਿਲ ਨਾਲ ਆਪਣੇ ਪਰਿਵਾਰ ਨੂੰ ਲੈ ਕੇ ਪੰਜਾਬ ਵੱਲ ਭੱਜ ਗਿਆ ਤੇ ਆਪਣੀ ਜਾਨ ਬਚਾਈ । ਲਾਹੌਰ ਜਾਂਦਿਆਂ ਹੋਇਆਂ ਰਸਤੇ ਵਿੱਚ ਖਡੂਰ ਸਾਹਿਬ ਇਸ ਖ਼ਿਆਲ ਨਾਲ ਰੁੱਕ ਗਿਆ ਕਿ ਗੁਰੂ ਨਾਨਕ ਦੇ ਦਰ ਤੋਂ ਅਸ਼ੀਰਵਾਦ ਲੈ ਕੇ ਅੱਗੇ ਜਾਵਾਂ ।

ਉਸ ਵੇਲੇ ਸ਼ਾਹੀ ਸੜਕ ਕਿਉਂਕਿ ਖਡੂਰ ਸਾਹਿਬ ਦੇ ਨੇੜਿਉਂ ਲੰਘਦੀ ਸੀ । ਹਮਾਯੂੰ ਬਾਦਸ਼ਾਹ ਗੁਰੂ ਅੰਗਦ ਸਾਹਿਬ ਜੀ ਨੂੰ ਮਿਲਣ ਲਈ ਆਇਆ । ਉਸ ਵੇਲੇ ਗੁਰੂ ਸਾਹਿਬ ਜੀ ਆਪਣੇ ਸਿੱਖਾਂ ਦੀਆਂ ਕੁਸ਼ਤੀਆਂ (ਮੱਲ-ਅਖਾੜੇ) ਕਰਵਾ ਰਹੇ ਸਨ, ਮੱਲ-ਅਖਾੜੇ ਦੇ ਦਾਅ-ਪੇਚ ਸਿਖਾਉਂਦਿਆਂ ਹੋਇਆਂ ਸਤਿਗੁਰ ਪਾਤਸ਼ਾਹ ਇਤਨੇ ਰੁੱਝੇ ਹੋਏ ਸਨ ਕਿ ਉਹਨਾਂ ਦਾ ਜ਼ਰਾ ਜਿੰਨਾਂ ਵੀ ਧਿਆਨ ਹੁਮਾਯੂੰ ਵੱਲ ਨਾ ਗਿਆ । ਹੁਮਾਯੂੰ ਕਾਫ਼ੀ ਦੇਰ ਤਕ ਇਸੇ ਤਰ੍ਹਾਂ ਖੜਾ ਰਿਹਾ ਤੇ ਆਪਣੀ ਬੇਇਜ਼ਤੀ ਮਹਿਸੂਸ ਕਰਨ ਲੱਗਾ ਤੇ ਅੰਤ ਗੁੱਸੇ ਵਿੱਚ ਆ ਕੇ ਉਸਨੇ ਆਪਣੀ ਤਲਵਾਰ ਮਿਆਨ ਤੋਂ ਬਾਹਰ ਕੱਢ ਲਈ । ਜਦੋਂ ਹੁਮਾਯੂੰ ਨੇ ਗੁਰੂ ਸਾਹਿਬ ਨਾਲ ਅੱਖ ਮਿਲਾਈ ਤਾਂ ਗੁਰੂ ਸਾਹਿਬ ਜੀ ਦਾ ਪਿਆਰ ਤੇ ਰੋਅਬ ਨਾਲ ਭਰਿਆ ਚਿਹਰਾ ਦੇਖ ਕੇ ਸ਼ਾਂਤ ਹੋ ਗਿਆ ।

ਗੁਰੂ ਅੰਗਦ ਸਾਹਿਬ ਜੀ ਬੜੀ ਦਲੇਰੀ ਤੇ ਖ਼ੁਸ਼ ਤਬੀਅਤ ਦੇ ਮਾਲਕ ਸਨ, ਹਰ ਵੇਲੇ ਪ੍ਰਭੂ ਦੇ ਰੰਗ ਵਿੱਚ ਰੱਤੇ ਰਹਿੰਦੇ ਸਨ । ਪਰਮਾਤਮਾ ਨਾਲ ਲਿਵ ਅਤੇ ਪਿਆਰ ਹੋਣ ਸਦਕਾ ਨਿਡਰਤਾ ਉਹਨਾਂ ਦੇ ਜੀਵਨ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ ਸੀ । ਹੁਮਾਯੂੰ ਦੇ ਤਲਵਾਰ ਕੱਢਣ ਤੇ ਆਪ ਜੀ ਉਸ ਨੂੰ ਕਹਿਣ ਲੱਗੇ :

ਗੁਰੂ ਸਾਹਿਬ ਜੀ :ਹਮਾਯੂੰ ! ਜਦੋਂ ਜੰਗੇ-ਮੈਦਾਨ ਵਿੱਚ ਤਲਵਾਰ ਚਲਾਉਣ ਦੀ ਲੋੜ ਸੀ, ਉਦੋਂ ਤੇਰੀ ਤਲਵਾਰ ਕਿੱਥੇ ਸੀ ?
ਹੁਣ ਪੀਰਾਂ ਤੇ ਦਰਵੇਸ਼ਾਂ ਦੇ ਸਾਹਮਣੇ ਆਪਣੀ ਇਸ ਤਲਵਾਰ ਨੂੰ ਚਲਾਉਣ ਦਾ ਜਤਨ ਕਰ ਰਿਹਾ ਹੈਂ ?

ਗੁਰੂ ਸਾਹਿਬ ਜੀ ਦੇ ਬਚਨ ਸੁਣ ਕੇ ਹਮਾਯੂੰ ਬਹੁਤ ਸ਼ਰਮਿੰਦਾ ਹੋਇਆ ਤੇ ਆਪਣੇ ਕੀਤੇ ਦੀ ਮੁਆਫ਼ੀ ਮੰਗਣ ਲੱਗਾ ।
ਗੁਰੂ ਪਾਤਸ਼ਾਹ ਜੀ ਨੇ ਉਸ ਨੂੰ ਨੇਕ ਜੀਵਨ ਧਾਰਣ ਕਰਨ ਤੇ ਹਮੇਸ਼ਾਂ ਅਕਾਲ ਪੁਰਖ ਦਾ ਆਸਰਾ ਲੈਣ ਦੀ ਪ੍ਰੇਰਣਾ ਕੀਤੀ ।

ਇਸ ਘਟਨਾ ਤੋਂ ਇਹ ਗੱਲ ਪ੍ਰਤੱਖ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਜੇ ਇਨਸਾਨ ਪਰਮਾਤਮਾ ਨੂੰ ਆਪਣੇ ਮਨ ਅਤੇ ਜੀਵਨ ਵਿੱਚ ਵਸਾ ਲੈਂਦਾ ਹੈ ਤਾਂ ਉਹ ਮਨੁੱਖ ਵੀ ਪਰਮਾਤਮਾ ਵਾਂਗ ਨਿੱਡਰ ਤੇ ਦਲੇਰ ਸੁਭਾਅ ਦਾ ਹੋ ਜਾਂਦਾ ਹੈ ।

**********

# ਮਾਤਾ ਖੀਵੀ ਜੀ

ਕਿਸੇ ਜੁੱਗ ਵਿੱਚ ਵੀ ਔਰਤ ਨੂੰ ਇਤਨਾ ਵੱਡਾ ਮਾਣ-ਸਨਮਾਨ ਨਹੀਂ ਮਿਲਿਆ, ਜਿਤਨਾ ਕਿ ਗੁਰੂ ਘਰ ਵਿੱਚ ਮਿਲਿਆ ਹੈ । ਗੁਰੂ ਸਾਹਿਬਾਨ ਤੋਂ ਪਹਿਲਾਂ ਵੀ, ਗੁਰੂ ਕਾਲ ਦੌਰਾਨ ਵੀ ਅਤੇ ਹੁਣ ਵੀ ਸਮਾਜਿਕ ਤੌਰ ਤੇ ਪੱਥਰ ਦੀ ਔਰਤ ਦੀ ਪੂਜਾ ਦੇਵੀ ਦੇ ਰੂਪ ਵਿੱਚ ਕੀਤੀ ਜਾਂਦੀ ਹੈ, ਪਰ ਹੱਡ-ਮਾਸ ਦੀ ਅਸਲ ਔਰਤ ਨਾਲ ਨਿੱਤ ਬੁਰਾ ਵਿਹਾਰ ਹੁੰਦਾ ਹੈ । ਔਰਤ ਦੀ ਤਾਕਤ ਨੂੰ ਪ੍ਰਵਾਨ ਤਾਂ ਕੀਤਾ ਜਾਂਦਾ ਹੈ, ਪਰ ਔਰਤ ਦੀ ਹੋਂਦ ਨੂੰ ਸਦਾ ਹੀ ਪੈਰਾਂ ਥੱਲੇ ਰੋਲਿਆ ਜਾਂਦਾ ਹੈ । ਔਰਤ ਦੀ ਤੁਲਨਾ ਢੋਰ, ਪਸ਼ੂ ਅਤੇ ਗਵਾਰ ਨਾਲ ਕਰਕੇ ਉਸ ਦੀ ਨਿੰਦਾ ਕੀਤੀ ਜਾਂਦੀ ਹੈ । ਪਰ ਗੁਰੂ ਨਾਨਕ ਸਾਹਿਬ ਜੀ ਨੇ ਹੀ ਪਹਿਲੀ ਵਾਰ ਇਸ ਦੀ ਹੋਂਦ ਨੂੰ ਸਤਿਕਾਰ ਨਾਲ ਸਵੀਕਾਰ ਕੇ ਫੁਰਮਾਇਆ ਹੈ :-

**"ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨ ॥"** **(ਗੁਰੂ ਗ੍ਰੰਥ ਸਾਹਿਬ-ਅੰਗ 473)**

ਗੁਰੂ ਸਾਹਿਬਾਨ ਨੇ ਔਰਤ ਨੂੰ ਚੰਗੇ ਅਤੇ ਕੋਮਲ ਗੁਣਾਂ ਵਾਲੀ ਮੰਨਿਆ ਹੈ ਅਤੇ ਇਹਨਾਂ ਗੁਣਾਂ ਨੂੰ ਪੁਰਸ਼ ਨੂੰ ਵੀ ਆਪਣੇ ਅੰਦਰ ਵਸਾ ਲੈਣ ਦੀ ਪ੍ਰੇਰਣਾ ਦਿੱਤੀ ਹੈ । ਗੁਰੂ ਸਾਹਿਬ ਜੀ ਨੇ ਸਮਝਾਇਆ ਕਿ ਔਰਤ ਵਾਲੇ ਗੁਣ ਧਾਰਨ ਕਰਨ ਨਾਲ ਹੀ ਅਸੀਂ ਪਤੀ-ਪਰਮਾਤਮਾ ਦਾ ਪਿਆਰ ਪਾ ਸਕਦੇ ਹਾਂ 'ਭਾਵ' ਸ਼ੁੱਭ ਇਨਸਾਨੀ ਗੁਣ ਕੁਦਰਤ ਨੇ ਔਰਤ ਨੂੰ ਹੀ ਵਧੇਰੇ ਬਖਸ਼ੇ ਹਨ ਅਤੇ ਇਹਨਾਂ ਗੁਣਾਂ ਕਰਕੇ ਹੀ ਉਹ ਉੱਤਮ ਮੰਨੀ ਗਈ ਹੈ ਕਿਉਂਕਿ ਔਰਤ ਦੀ ਸ਼ਖ਼ਸੀਅਤ ਨੂੰ ਕੁਦਰਤ ਨੇ ਇਤਨੇ ਸ਼ੁੱਭ ਗੁਣਾਂ ਨਾਲ ਸ਼ਿੰਗਾਰ ਦਿੱਤਾ ਹੈ ਕਿ ਝੂਠੀ ਲੋਕ ਪ੍ਰਸ਼ੰਸਾ ਅਤੇ ਵਡਿਆਈ ਦੀ ਉਸ ਨੂੰ ਲੋੜ ਹੀ ਨਹੀਂ ਭਾਸਦੀ ਅਤੇ ਜੇ ਐਸਾ ਕੁਝ ਸੁੱਤੇ ਸਿੱਧ ਮਿਲ ਵੀ ਜਾਏ ਤਾਂ ਉਹ ਪਤੀ, ਭਰਾ, ਪਿਤਾ ਜਾਂ ਸੰਤਾਨ ਦੇ ਨਾਂ ਕਰਕੇ ਖ਼ੁੱਦ ਗੁਪਤ ਰਹਿਣਾ ਹੀ ਲੋਚਦੀ ਹੈ । ਜੋ ਔਰਤਾਂ ਝੂਠੇ ਲੋਕ-ਵਿਖਾਵੇ ਜਾਂ ਪ੍ਰਸ਼ੰਸਾ ਵਲ ਤੁਰਦੀਆਂ ਹਨ, ਉਹ ਕਿਤੇ ਨਾ ਕਿਤੇ ਔਰਤ ਦੇ ਸ਼ੁਭ ਗੁਣਾਂ ਤੋਂ ਵਾਂਝੀਆਂ ਹੁੰਦੀਆਂ ਹਨ ।

ਗੁਰੂ ਸਾਹਿਬ ਜੀ ਹਰ ਔਰਤ ਵਿੱਚ ਇਹ ਗੁਣ ਵੇਖਣੇ ਚਾਹੁੰਦੇ ਸਨ, ਇਸੇ ਕਰਕੇ ਉਹਨਾਂ ਨੇ ਔਰਤ ਨੂੰ ਜਿਸਮ ਜਾਂ ਆਕਾਰ ਰੂਪ ਵਿੱਚ ਵੇਖਣ ਦੀ ਬਜਾਇ ਉਸ ਨੂੰ ਕੇਵਲ ਗੁਣ ਰੂਪ ਵਿੱਚ ਹੀ ਦੇਖਿਆ ਹੈ । ਗੁਰੂ ਘਰ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਵਾਲੀਆਂ ਔਰਤਾਂ ਉਪਰੋਕਤ ਸ਼ੁੱਭ ਗੁਣਾਂ ਨਾਲ ਸ਼ਿੰਗਾਰੀਆਂ ਮਿਲਦੀਆਂ ਹਨ ਅਤੇ ਹਰ ਸਮੇਂ ਗੁਰੂ ਸਾਹਿਬਾਨ ਦੀ ਪਿੱਠ ਤੇ ਖਲੋਤੀਆਂ ਨਜ਼ਰ ਆਉਂਦੀਆਂ ਹਨ । ਉਹਨਾਂ ਨੇ ਸਿੱਖ ਬੀਬੀਆਂ ਲਈ ਮਾਰਗ ਦਰਸ਼ਨ ਦੇ ਤੌਰ ਤੇ ਕੰਮ ਕੀਤਾ ਹੈ । ਜੇ ਪਹਿਲੀ ਸਿੱਖ ਬੀਬੀ ਬੇਬੇ ਨਾਨਕੀ ਹੈ ਤਾਂ ਪਹਿਲੀ ਤਿਆਗਣ ਬੀਬੀ ਸੁਲੱਖਣੀ ਜੀ ਹਨ । ਇਸੇ ਤਰ੍ਹਾਂ ਸੇਵਾ ਦੇ ਰੂਪ ਵਿੱਚ ਗੁਰੂ ਅੰਗਦ ਸਾਹਿਬ ਜੀ ਦੇ ਮਹਿਲ ਮਾਤਾ ਖੀਵੀ ਜੀ ਦਾ ਨਾਂ ਆਉਂਦਾ ਹੈ । ਜਿਹਨਾਂ ਨੇ ਭਗਤੀ, ਸੇਵਾ ਅਤੇ ਤਿਆਗ ਕਾਰਣ ਸਿੱਖ ਇਤਿਹਾਸ ਵਿੱਚ ਹੀ ਨਹੀਂ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਯਥਾਯੋਗ ਸਥਾਨ ਪ੍ਰਾਪਤ ਕੀਤਾ ਹੈ ।

ਮਾਤਾ ਖੀਵੀ ਜੀ ਬਚਪਨ ਤੋਂ ਹੀ ਮਿੱਠੇ ਸੁਭਾਅ ਵਾਲੇ ਅਤੇ ਸ਼ੁੱਭ ਗੁਣਾਂ ਦੇ ਧਾਰਨੀ ਸਨ । ਆਪ ਦੇ ਪਿਤਾ ਜੀ ਦਾ ਨਾਂ ਭਾਈ ਦੇਵੀ ਚੰਦ ਜੀ ਸੀ । ਆਪ ਜੀ ਦਾ ਜਨਮ ਖਡੂਰ ਸਾਹਿਬ ਦੇ ਨੇੜੇ ਦੇ ਇੱਕ ਪਿੰਡ ਵਿੱਚ ਹੋਇਆ । ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਮਾਤਾ ਵਿਰਾਈ ਜੀ ਨੇ ਹੀ ਕਰਵਾਇਆ ਸੀ । ਬੀਬੀ ਵਿਰਾਈ ਜੀ ਚੌਧਰੀ ਤਖ਼ਤ ਮਲ੍ਹ ਦੀ ਪੁੱਤਰੀ ਸੀ, ਜਿਸ ਪਾਸ ਗੁਰੂ ਅੰਗਦ ਸਾਹਿਬ ਜੀ ਦੇ ਪਿਤਾ ਭਾਈ ਫੇਰੂ ਮਲ੍ਹ ਜੀ ਨੌਕਰੀ ਕਰਦੇ ਸਨ ।

ਇਹ ਵਿਆਹ ਸੰਨ 1519 ਈਸਵੀ ਵਿੱਚ ਹੋਇਆ । ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਮਲ੍ਹ ਜੀ ਹਰ ਸਾਲ ਇੱਕ ਜੱਥਾ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ । ਬਾਬਾ ਫੇਰੂ ਮਲ੍ਹ ਜੀ ਸੰਨ 1526 ਈਸਵੀ ਵਿੱਚ ਅਕਾਲ ਚਲਾਣਾ ਕਰ ਗਏ ਤਾਂ ਇਸ ਜੱਥੇ (ਸੰਗ) ਦੀ ਅਗਵਾਈ ਕਰਨ ਦਾ ਭਾਰ ਵੀ ਭਾਈ ਲਹਿਣਾ ਜੀ ਦੇ ਮੋਢਿਆਂ ਤੇ ਆ ਪਿਆ । ਪਰ ਆਪ ਛੇਤੀ ਹੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਭਾਵ ਕਾਰਨ ਸਿੱਖ ਬਣ ਕੇ ਗੁਰੂ ਸਾਹਿਬ ਜੀ ਕੋਲ ਕੁਝ ਸਮਾਂ ਰੁਕ ਗਏ ਸਨ ।

ਇਸ ਦੌਰਾਨ ਭਾਈ ਲਹਿਣਾ ਜੀ ਨੂੰ ਵਾਪਸ ਜੱਥੇ ਨਾਲ ਨਾ ਆਇਆ ਦੇਖ ਕੇ ਲੋਕੀਂ ਮਾਤਾ ਖੀਵੀ ਜੀ ਨੂੰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਹਿਣ ਲੱਗ ਪਏ । ਪਰ ਮਾਤਾ ਜੀ ਦਾ ਸਦਾ ਪਤੀ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਗੁਣ ਹੀ ਸੀ, ਜੋ ਐਸੇ ਬਿਖੜੇ ਸਮੇਂ ਤੇ ਆਪਣੇ ਪੈਰਾਂ ਤੇ ਅਡੋਲ ਖੜੇ ਰਹਿ ਕੇ ਆਪ ਜੀ ਨੇ ਲਹਿਣਾ ਜੀ ਦੀ ਪਿੱਠ ਪੂਰੀ ਅਤੇ ਲੋਕਾਂ ਨੂੰ ਜਵਾਬ ਦਿੱਤਾ ਕਿ "ਜੇ ਉਹ ਗੋਦੜੀ ਪਾਵੇਗਾ ਤਾਂ ਮੈਂ ਲੀਰਾਂ ਹੰਢਾਸਾਂ । ਜਿਸ ਹਾਲ ਰਖੇਗਾ, ਉਸ ਹਾਲ ਰਹਾਂਗੀ ।" ਆਪ ਜੀ ਨੇ ਪਤੀ ਨੂੰ ਘਰ ਰਹਿ ਕੇ ਹੀ ਭਗਤੀ ਦ੍ਰਿੜ ਕਰਨ ਲਈ ਪ੍ਰੇਰਿਆ । ਪਰ ਲਹਿਣਾ ਜੀ ਨੇ ਸਮਝਾਇਆ ਕਿ ਜਿੱਥੇ ਉਹ ਜਾ ਰਹੇ ਹਨ ਉੱਥੇ ਗ੍ਰਿਹਸਤ ਵਿੱਚ ਰਹਿ ਕੇ ਹੀ ਜੋਗ ਕਮਾਉਣ ਦੀ ਜਾਚ ਸਿਖਾਈ ਜਾਂਦੀ ਹੈ ਤਾਂ ਮਾਤਾ ਖੀਵੀ ਜੀ ਨੇ ਖਿੜੇ ਮੱਥੇ ਆਪ ਜੀ ਨੂੰ ਜਾਣ ਦਿੱਤਾ, ਪਰ ਗ੍ਰਿਹਿਸਤ ਦਾ ਸਾਰਾ ਭਾਰ ਵੀ ਮਾਤਾ ਜੀ ਉੱਤੇ ਹੀ ਆ ਪਿਆ । ਬੱਚੇ ਬਹੁਤ ਛੋਟੇ ਸਨ, ਉਹਨਾਂ ਦੀ ਪਾਲਣਾ ਮਾਤਾ

ਖੀਵੀ ਜੀ ਨੇ ਆਪਣੇ ਪਿਤਾ ਭਾਈ ਦੇਵੀ ਚੰਦ ਜੀ ਦੇ ਸਹਿਯੋਗ ਨਾਲ ਕੀਤੀ । ਜੇ ਭਾਈ ਲਹਿਣਾ ਜੀ ਸੱਤ ਸਾਲ (ਸੰਨ 1532 ਈਸਵੀ -ਸੰਨ 1539 ਈਸਵੀ) ਤੱਕ ਗੁਰੂ ਨਾਨਕ ਸਾਹਿਬ ਜੀ ਕੋਲ ਰਹਿ ਕੇ ਸੇਵਾ ਕਰ ਰਹੇ ਸਨ ਤਾਂ ਖੀਵੀ ਜੀ ਘਰ ਵਿੱਚ ਹੀ ਸੇਵਾ ਵਿੱਚ ਲੀਨ ਹੋ ਰਹੇ ਸਨ । ਜਦ ਭਾਈ ਲਹਿਣਾ ਜੀ ਸੰਨ 1539 ਈਸਵੀ ਵਿੱਚ ਗੁਰੂ ਅੰਗਦ ਰੂਪ ਹੋ ਕੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਉੱਤੇ ਬੈਠੇ ਤਾਂ ਮਾਤਾ ਖੀਵੀ ਜੀ ਉੱਤੇ ਵੀ ਵੱਡੀ ਜ਼ਿੰਮੇਵਾਰੀ ਆ ਪਈ । ਜੋ ਬੂਟਾ ਗੁਰੂ ਨਾਨਕ ਸਾਹਿਬ ਜੀ ਨੇ ਲਾਇਆ ਸੀ, ਉਸ ਦੀ ਸੰਭਾਲ ਕਰਨ ਦੀ ਲੋੜ ਜ਼ਿਆਦਾ ਸੀ । ਜੇਕਰ ਗੁਰ-ਸ਼ਬਦ ਦਾ ਪ੍ਰਚਾਰ ਗੁਰੂ ਅੰਗਦ ਸਾਹਿਬ ਜੀ ਕਰ ਰਹੇ ਸਨ ਤਾਂ ਸੰਗਤ ਦੀ ਸੇਵਾ ਸੰਭਾਲ ਦਾ ਕਾਰਜ ਮਾਤਾ ਖੀਵੀ ਜੀ ਕਰ ਰਹੇ ਸਨ ।

ਗੁਰੂ ਅੰਗਦ ਸਾਹਿਬ ਜੀ, ਸਿੱਖੀ ਦੇ ਬੂਟੇ ਨੂੰ ਇੱਕ ਥਾਂ ਟਿੱਕ ਕੇ ਪਾਣੀ ਦੇਣ ਖ਼ਾਤਰ, ਕਦੀ ਹਰੀ ਕੇ ਪੱਤਣ ਤੋਂ ਅੱਗੇ ਨਹੀਂ ਲੰਘੇ । ਆਪ ਜੀ ਨੇ ਸਿੱਖੀ ਦੀ ਜੜ੍ਹ ਮਜ਼ਬੂਤ ਕਰਨ ਲਈ ਇੱਕ ਟਿਕਾਣਾ ਕਰ ਲਿਆ ਤੇ ਕੋਈ ਵੀ ਲੰਮਾ ਪ੍ਰਚਾਰ ਦੌਰਾ ਨਹੀਂ ਕੀਤਾ । ਉਸ ਸਮੇਂ ਗੁਰੂ ਨਾਨਕ ਸਾਹਿਬ ਜੀ ਦੇ ਘਰ ਆਉਣ ਵਾਲੀ ਸੰਗਤ ਦੀ ਸੇਵਾ-ਸੰਭਾਲ ਜਿਵੇਂ ਮਾਤਾ ਖੀਵੀ ਜੀ ਨੇ ਸੁਚੱਜੇ ਰੂਪ ਵਿੱਚ ਕੀਤੀ, ਉਹ ਆਪਣੀ ਮਿਸਾਲ ਆਪ ਹੀ ਹੈ । ਬਾਹਰੋਂ ਆਈ ਭੇਟਾ ਅਤੇ ਲੰਗਰ ਦੀ ਸੰਭਾਲ ਦਾ ਸਾਰਾ ਹੀ ਪ੍ਰਬੰਧ ਆਪ ਜੀ ਨੇ ਆਪਣੇ ਜ਼ਿੰਮੇ ਲੈ ਲਿਆ ਤਾਂ ਕਿ ਇਸ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਾ ਆਵੇ ।

ਮਾਤਾ ਖੀਵੀ ਜੀ ਖਡੂਰ ਸਾਹਿਬ ਬਹੁਤ ਤੜਕੇ ਉਠਦੇ । ਘਰ ਦੇ ਕੰਮ-ਕਾਜ ਤੋਂ ਵਿਹਲੇ ਹੋ ਕੇ ਲੰਗਰ ਦੀ ਸੇਵਾ ਵਿੱਚ ਲਗ ਜਾਂਦੇ । ਆਪ ਜੀ ਨੇ ਬਾਬਾ ਬੁੱਢਾ ਜੀ, ਭਾਈ ਜੋਧ ਰਸੋਈਆ ਅਤੇ ਭਾਈ ਕਿਦਾਰਾ ਜੀ ਨੂੰ ਵੱਖ-ਵੱਖ ਕਾਰਜ ਸੌਂਪ ਦਿੱਤੇ । ਆਪ ਜੀ ਨੇ ਐਸੀ ਜੁਗਤ ਤੇ ਸਿਆਣਪ ਨਾਲ ਇਹ ਸਭ ਕੁਝ ਸੰਭਾਲਿਆ ਕਿ ਕਿਸੇ ਨੂੰ ਕਿਸੇ ਵੀ ਕਿਸਮ ਦੀ ਤਕਲੀਫ਼ ਨਾ ਹੋਣ ਦਿੱਤੀ, ਤੋਟ ਤਾਂ ਕਦੀ ਆਉਂਦੀ ਹੀ ਨਹੀਂ ਸੀ । ਹਰ ਵੱਡਾ-ਛੋਟਾ, ਗ਼ਰੀਬ-ਅਮੀਰ ਸੱਭ ਇੱਕੋ ਜਿਹੀ ਸੰਭਾਲ ਪਾਉਂਦੇ । ਆਪ ਜੀ ਨੇ ਲੰਗਰ ਦੀ ਪੌਸ਼ਟਿਕਤਾ ਨੂੰ ਵੀ ਗੁਰੂ ਘਰ ਲਈ ਆਈਆਂ ਹੋਈਆਂ ਭੇਟਾਵਾਂ ਦੀ ਖੁੱਲੀ ਵਰਤੋਂ ਨਾਲ ਭਰਪੂਰ ਰਖਿਆ । ਪੁੱਤਰਾਂ ਨੂੰ ਸਦਾ ਕਿਰਤ ਕਰਕੇ ਖਾਣ ਦਾ ਹੁਕਮ ਦਿੱਤਾ ਹੋਇਆ ਸੀ ਤਾਂ ਕਿ ਪੁੱਤਰ ਧਰਮਸ਼ਾਲਾ ਤਕ ਹੀ ਸੀਮਿਤ ਨਾ ਹੋ ਜਾਣ । ਆਪ ਜੀ ਨੇ ਸੁਚੱਜੀ ਮਾਂ ਬਣ ਕੇ ਆਪਣੀਆਂ ਬੱਚੀਆਂ ਨੂੰ ਘਰ ਗ੍ਰਿਹਸਤੀ ਦੇ ਨਾਲ-ਨਾਲ ਬਾਣੀ ਵੀ ਕੰਠ ਕਰਵਾਈ । ਬੀਬੀ ਅਮਰੋ ਜੀ ਆਪ ਜੀ ਦੀ ਸਪੁੱਤਰੀ ਸਨ, ਜਿਹਨਾਂ ਕੋਲੋਂ ਬਾਣੀ ਸੁਣਨ ਕਾਰਣ ਬਾਬਾ ਅਮਰਦਾਸ ਜੀ ਗੁਰੂ ਘਰ ਦੇ ਹੀ ਹੋ ਗਏ ।

ਜਦੋਂ ਆਪ ਜੀ ਦੇ ਸਪੁੱਤਰਾਂ ਦਾਤੂ ਜੀ ਅਤੇ ਦਾਸੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਮਿਲਣ ਉੱਤੇ ਵਿਰੋਧਤਾ ਪ੍ਰਗਟਾਈ ਤਾਂ ਆਪ ਜੀ ਨੇ ਦੋਹਾਂ ਬੱਚਿਆਂ ਨੂੰ ਗੁਰੂ ਅਮਰਦਾਸ ਸਾਹਿਬ ਜੀ ਦੇ ਸਾਹਮਣੇ ਕਰ ਕੇ ਮੁਆਫ਼ੀ ਮੰਗਵਾਈ ।

ਐਸੇ ਸਮੇਂ ਤੇ ਆਪ ਜੀ ਨੇ ਪਤੀ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦੀ ਜੋ ਦ੍ਰਿੜਤਾ ਦਿਖਾਈ, ਉਹ ਸੱਭ ਸਿੱਖ ਬੀਬੀਆਂ ਲਈ ਮਿਸਾਲ ਹੈ । ਆਪ ਜੀ ਗੁਰੂ ਅੰਗਦ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਵੀ ਖਡੂਰ ਸਾਹਿਬ ਵਿਖੇ ਲੰਗਰ ਦੀ ਸੇਵਾ ਉਸੇ ਤਨਦੇਹੀ ਨਾਲ ਕਰਦੇ ਰਹੇ । ਭਾਵੇਂ ਕਾਫ਼ੀ ਬਿਰਧ ਹੋ ਗਏ ਸਨ, ਪਰ ਲੰਗਰ ਦੀ ਨਿਗ਼ਰਾਨੀ ਉਸੇ ਤਰ੍ਹਾਂ ਹੀ ਕਰਦੇ ਰਹੇ । ਜਦੋਂ ਅੰਮ੍ਰਿਤਸਰ ਦਾ ਨਗਰ ਵਸਿਆ ਤਾਂ ਕੁਝ ਚਿਰ ਉੱਥੇ ਵੀ ਸੇਵਾ ਕਰਦੇ ਰਹੇ । ਸੰਨ 1582 ਈਸਵੀ ਵਿੱਚ ਖਡੂਰ ਸਾਹਿਬ ਵਿਖੇ ਹੀ ਗੁਰਪੁਰੀ ਸਿਧਾਰੇ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਆ ਕੇ ਹੱਥੀਂ ਸਸਕਾਰ ਕੀਤਾ ।

ਮਾਤਾ ਖੀਵੀ ਜੀ ਅਤਿ ਧੀਰਜ ਸੁਭਾਅ ਦੇ ਮਾਲਕ, ਬੁੱਧੀਮਾਨ, ਧਰਮ ਦੀ ਮੂਰਤ, ਸਦਾ ਰਜ਼ਾ ਵਿੱਚ ਰਾਜ਼ੀ ਰਹਿਣਾ ਅਤੇ ਹਮੇਸ਼ਾਂ ਖੇੜੇ ਵਿੱਚ ਰਹਿਣ ਵਾਲੀ ਸ਼ਖ਼ਸੀਅਤ ਸਨ, ਜੋ ਸਿੱਖ ਕੌਮ ਅਤੇ ਵਿਸ਼ੇਸ਼ ਤੌਰ ਤੇ ਸਿੱਖ ਬੀਬੀਆਂ ਲਈ ਹਮੇਸ਼ਾਂ ਪ੍ਰੇਰਣਾ ਸ੍ਰੋਤ ਵਜੋਂ ਕੰਮ ਆਵੇਗੀ । ਭਾਈ ਬਲਵੰਡ ਜੀ ਆਪਣੀ ਵਾਰ ਵਿੱਚ, ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਮਾਤਾ ਖੀਵੀ ਜੀ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹੇਠ ਲਿਖੇ ਸਤਿਕਾਰ ਭਰਪੂਰ ਬਚਨ ਉਚਾਰਦੇ ਹਨ :-

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥**
**ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥**
**ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥3॥** (ਗੁਰੂ ਗ੍ਰੰਥ ਸਾਹਿਬ-ਅੰਗ 967)

**********

# ਸਾਈਂ ਮੀਆਂ ਮੀਰ ਜੀ

ਸਾਈਂ ਮੀਆਂ ਮੀਰ ਜੀ ਦਾ ਜਨਮ ਸੀਸਤਾਨ (ਸਿੰਧ ਪ੍ਰਾਂਤ) ਵਿਖੇ ਸੰਨ 1550 ਈਸਵੀ ਵਿੱਚ ਹੋਇਆ । ਆਪ ਜੀ "ਖਲੀਫ਼ਾ ਉਮਰ" ਦੀ ਵੰਸ਼ ਵਿੱਚੋਂ ਸਨ । ਘੱਟ ਖਾਣਾ, ਥੋੜਾ ਸੌਣਾ ਤੇ ਘੱਟ ਬੋਲਣਾ ਆਪ ਜੀ ਦਾ ਨਿੱਤ ਦਾ ਸੁਭਾਉ ਤੇ ਕਰਮ ਸੀ । ਭੁੱਖਿਆਂ ਨੂੰ ਅੰਨ ਦੇਣਾ ਅਤੇ ਲੋੜਵੰਦਾਂ ਦੀਆਂ ਜ਼ਰੂਰਤਾਂ ਅੱਲ੍ਹਾ ਦੇ ਬਖ਼ਸ਼ੇ ਹੋਏ ਧਨ-ਪਦਾਰਥਾਂ ਨਾਲ ਪੂਰੀਆਂ ਕਰਨ ਵਿੱਚ ਸਾਈਂ ਜੀ ਖ਼ੁਸ਼ੀ ਮਹਿਸੂਸ ਕਰਦੇ ਸਨ । ਆਪ ਜੀ ਬਾਹਰਲੇ ਰਸਮੀ ਕਰਮ-ਕਾਂਡਾਂ ਦੇ ਸਖ਼ਤ ਖ਼ਿਲਾਫ਼ ਸਨ, ਇਸ ਲਈ ਮੁਸਲਿਮ ਪੀਰ ਹੁੰਦਿਆਂ ਹੋਇਆਂ ਵੀ ਆਪ ਜੀ ਤਸਬੀ (ਮਾਲਾ) ਨਹੀਂ ਫੇਰਦੇ ਸਨ ਕਿਉਂਕਿ ਉਹਨਾਂ ਦੇ ਵਿਚਾਰਾਂ ਮੁਤਾਬਿਕ ਜ਼ੁਬਾਨ ਤੇ ਅੱਲ੍ਹਾ ਦਾ ਨਾਮ ਹੋਣਾ ਹੀ ਅਸਲ ਮਾਲਾ ਫੇਰਨੀ ਹੈ । ਆਪ ਜੀ ਕਹਿੰਦੇ ਸਨ "ਦਿਲ ਦੀ ਹਜ਼ੂਰੀ ਤੋਂ ਬਿਨਾਂ ਨਿਮਾਜ਼ ਅਦਾ ਕਰਨੀ ਫ਼ਜ਼ੂਲ ਹੈ ।"

ਸੰਨ 1575 ਈਸਵੀ ਵਿੱਚ ਸਾਈਂ ਜੀ ਲਾਹੌਰ ਆ ਗਏ । ਉਹਨੀਂ ਦਿਨੀ ਪੰਜਾਬ ਵਿੱਚ ਸਿੱਖੀ ਤੇ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਜ਼ੋਰਾਂ ਤੇ ਸੀ । ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਆਰੰਭ ਹੋ ਚੁਕੀ ਸੀ । ਸਿੱਖ ਬਾਣੀ ਪੜ੍ਹਦੇ, ਹੱਥੀਂ ਕਾਰ-ਵਿਹਾਰ ਕਰਦੇ ਹੋਏ ਲੋੜਵੰਦਾਂ ਦੀ ਬਾਂਹ ਵੀ ਫ਼ੜਦੇ ਸਨ । ਸਾਈਂ ਜੀ ਉੱਤੇ ਸਿੱਖੀ ਦੇ ਇਹਨਾਂ ਗੁਣਾਂ ਦਾ ਬਹੁਤ ਪ੍ਰਭਾਵ ਪਿਆ ਅਤੇ ਆਪ ਜੀ ਗੁਰੂ ਦਰਸ਼ਨਾਂ ਲਈ ਅੰਮ੍ਰਿਤਸਰ ਆਏ ਤੇ ਗੁਰੂ ਘਰ ਦੇ ਸ਼ਰਧਾਲੂ ਬਣ ਗਏ ।

ਸੰਨ 1595 ਈਸਵੀ ਵਿੱਚ ਮੀਂਹ ਨਾ ਪੈਣ ਕਰਕੇ ਕਾਲ ਪੈ ਗਿਆ ਅਤੇ ਤਿੰਨ ਸਾਲ ਹਾਲਾਤ ਇਸੇ ਤਰ੍ਹਾਂ ਹੀ ਰਹੇ । ਲੋਕੀਂ ਭੁੱਖੇ ਮਰਨ ਲਗ ਪਏ । ਪਿੰਡਾਂ ਦੇ ਲੋਕ ਫਿਰ ਵੀ ਥੋੜਾ ਬਹੁਤ ਸੰਭਲ ਗਏ, ਪਰ ਸ਼ਹਿਰ ਵਾਸੀਆਂ ਵਾਸਤੇ ਬਹੁਤ ਮੁਸੀਬਤਾਂ ਦਾ ਸਮਾਂ ਆ ਗਿਆ । ਜਿਸ ਕਰਕੇ ਲਾਹੌਰ ਵਿੱਚ ਭੁੱਖ-ਮਰੀ, ਚੇਚਕ ਦੀ ਬੀਮਾਰੀ ਆਦਿਕ ਫ਼ੈਲ ਗਈਆਂ । ਗੁਰੂ ਅਰਜਨ ਸਾਹਿਬ ਜੀ ਪਰਿਵਾਰ ਸਹਿਤ ਅਤੇ ਗੁਰਸਿੱਖਾਂ ਨੂੰ ਨਾਲ ਲੈਕੇ ਸੰਨ 1598 ਈਸਵੀ ਵਿੱਚ ਲਾਹੌਰ ਆ ਗਏ । ਇਸ ਤੋਂ ਪਹਿਲਾਂ ਗੁਰੂ ਸਾਹਿਬ ਜੀ ਲੋਕ ਭਲਾਈ ਲਈ ਪਿੰਡਾਂ ਵਿੱਚ ਗਏ, ਥਾਂ-ਥਾਂ ਤੇ ਖੂਹ ਲਗਵਾਏ । ਛੇਹਰਟਾ ਸਾਹਿਬ (6 ਹਰਟਾਂ ਵਾਲਾ ਖੂਹ) ਵੀ ਇਸੇ ਸਮੇਂ ਹੀ ਲਗਾਇਆ ਗਿਆ । ਇਸ ਸਮੇਂ ਸਾਈਂ ਜੀ ਨੇ ਵੇਖਿਆ ਕਿ ਗੁਰੂ ਸਾਹਿਬ ਜੀ ਆਪ ਵੀ ਮੁਰਦੇ ਢੋਅ-ਢੋਅ ਕੇ ਉਹਨਾਂ ਨੂੰ ਸਾੜਨ ਜਾਂ ਦਫ਼ਨਾਉਣ ਦਾ ਕੰਮ ਕਰ ਰਹੇ ਸਨ । ਇਹ ਵੇਖ ਕੇ ਸਾਈਂ ਮੀਆਂ ਮੀਰ ਜੀ ਦੇ ਮਨ ਵਿੱਚ ਗੁਰੂ ਸਾਹਿਬ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ ਹੋਰ ਵੀ ਵੱਧ ਗਿਆ ।

ਸਾਈਂ ਮੀਆਂ ਮੀਰ ਜੀ ਗੁਰਬਾਣੀ ਦੇ ਰਸੀਏ ਅਤੇ ਕੀਰਤਨ ਦੇ ਬਹੁਤ ਸ਼ੌਕੀਨ ਸਨ । ਆਪ ਜੀ ਆਪਣੇ ਉਪਦੇਸ਼ਾਂ ਵਿੱਚ ਅਕਸਰ ਗੁਰਬਾਣੀ ਦੇ ਉਦਾਹਰਣ ਦਿੱਤਾ ਕਰਦੇ ਸਨ । ਇਹ ਉਦਾਹਰਣਾਂ ਸਾਨੂੰ ਆਪਣਾ ਜੀਵਨ ਸੁਆਰਣ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦੀਆਂ ਹਨ । ਸਾਈਂ ਮੀਆਂ ਮੀਰ ਜੀ ਦਾ ਜੀਵਨ ਇਤਨਾ ਉੱਚਾ-ਸੁੱਚਾ ਸੀ ਕਿ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਰੱਖਣ ਸਮੇਂ ਸਾਈਂ ਮੀਆਂ ਮੀਰ ਜੀ ਨੂੰ ਮਾਣ ਬਖ਼ਸ਼ ਕੇ ਨੀਂਹ ਉਹਨਾਂ ਪਾਸੋਂ ਰਖਵਾਈ । ਜਨੂੰਨੀ ਮੁਸਲਮਾਨਾਂ ਦੇ ਕਹਿਣ ਤੇ ਜਹਾਂਗੀਰ ਲਾਹੌਰ ਵਿਖੇ ਤਿੰਨ ਫ਼ੁਰਮਾਣ ਜਾਰੀ ਕਰਕੇ ਆਪ ਉੱਥੋਂ ਚਲਾ ਗਿਆ ਸੀ । ਇਹ ਫ਼ੁਰਮਾਣ ਸਨ : ਗੁਰੂ ਅਰਜਨ ਸਾਹਿਬ ਜੀ ਨੂੰ ਯਾਸਾ ਮੁਤਾਬਿਕ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ, ਗੁਰੂ ਪਰਿਵਾਰ ਨੂੰ ਕੈਦ ਕੀਤਾ ਜਾਵੇ ਅਤੇ ਗੁਰੂ ਘਰ ਦੀ ਜਾਇਦਾਦ ਜ਼ਬਤ ਕਰ ਲਈ ਜਾਵੇ । ਜਦੋਂ ਗੁਰੂ ਅਰਜਨ ਸਾਹਿਬ ਜੀ ਨੂੰ ਅਸਿਹ ਤੇ ਅਕਹਿ ਤਸੀਹੇ ਦੇ ਕੇ 30 ਮਈ ਸੰਨ 1606 ਈਸਵੀ ਨੂੰ ਸ਼ਹੀਦ ਤਾਂ ਕਰ ਦਿੱਤਾ ਗਿਆ ਪਰ ਸਾਈਂ ਮੀਆਂ ਮੀਰ ਜੀ ਅਤੇ ਹੋਰ ਨਿਕਟਵਰਤੀ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਸਿੱਖਾਂ ਦੇ ਜਾਹੋ-ਜਲਾਲ ਨੂੰ ਵੇਖ ਕੇ ਹਕੂਮਤ ਬਾਕੀ ਦੇ ਦੋ ਫ਼ੁਰਮਾਣ ਉਸ ਸਮੇਂ ਲਾਗੂ ਕਰਨ ਦੀ ਜ਼ੁਰਅਤਿ ਨਾ ਕਰ ਸਕੀ ।

ਇੱਕ ਵਾਰ ਜਦੋਂ ਬਾਦਸ਼ਾਹ ਜਹਾਂਗੀਰ ਨੂੰ ਸਾਈਂ ਜੀ ਨੇ ਪੂਰਨ-ਪੁਰਸ਼ ਦੇ ਲੱਛਣ ਦੱਸੇ ਤਾਂ ਬਾਦਸ਼ਾਹ ਜਹਾਂਗੀਰ ਨੇ ਪੁੱਛਿਆ ਕਿ ਐਸਾ ਪੂਰਨ-ਪੁਰਸ਼ ਕੌਣ ਹੋ ਸਕਦਾ ਹੈ ਤਾਂ ਸਾਈਂ ਜੀ ਨੇ ਕਿਹਾ ਕਿ ਗੁਰੂ ਅਰਜਨ ਸਾਹਿਬ ਜੀ ਹੀ ਐਸੇ ਪੂਰਨ-ਪੁਰਸ਼ ਸਨ ਜਿਹਨਾਂ ਨੂੰ ਤੇਰੀ ਗ਼ਲਤ ਨੀਤੀ ਦਾ ਸ਼ਿਕਾਰ ਹੋਣਾ ਪਿਆ ਹੈ । ਉਹਨਾਂ ਦੀ ਥਾਵੇਂ ਹੁਣ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ । ਸਾਈਂ ਜੀ ਦੀਆਂ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਤੇ ਸਤਿਕਾਰ ਭਰੀਆਂ ਗੱਲਾਂ ਨੇ ਛੇਵੇਂ ਪਾਤਸ਼ਾਹ ਦੀ ਗ਼ਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਈ ਵਾਸਤੇ ਵੀ ਅਹਿਮ ਰੋਲ ਅਦਾ ਕੀਤਾ ਹੈ । ਇਸ ਤਰ੍ਹਾਂ ਸਾਈਂ ਜੀ ਨੇ 'ਬਾਬੇ ਕਿਆਂ ਅਤੇ ਬਾਬਰ ਕਿਆਂ' ਨੂੰ ਮਿਲਾਉਣ ਵਿੱਚ ਅਹਿਮ ਰੋਲ ਅਦਾ ਕੀਤਾ । ਐਸੇ ਮਹਾਨ ਜੀਵਨ ਵਾਲੇ ਸਾਈਂ ਮੀਆਂ ਮੀਰ ਜੀ 11 ਅਗਸਤ ਸੰਨ 1635 ਈਸਵੀ ਨੂੰ ਲਾਹੌਰ ਵਿਖੇ ਅਕਾਲ ਚਲਾਣਾ ਕਰ ਗਏ ।

**********

# ਪਹਿਲੇ ਪੰਗਤ ਪਾਛੈ ਸੰਗਤ

ਗੁਰਮਤਿ ਅਨੁਸਾਰ ਸੱਭ ਮਨੁੱਖ ਪ੍ਰਭੂ-ਪਿਤਾ ਦੀ ਅੰਸ਼ ਹੋਣ ਕਾਰਣ ਆਪਸ ਵਿੱਚ ਭਾਈ-ਭਾਈ ਅਤੇ ਬਰਾਬਰ ਹਨ । ਜਨਮ ਜਾਂ ਜ਼ਾਤ ਦੇ ਆਧਾਰ 'ਤੇ ਮਨੁੱਖਾਂ ਨਾਲ ਵਿਤਕਰੇ ਕਰਨਾ ਅਯੋਗ ਹੈ । ਨੇਕ ਜਾਂ ਉੱਤਮ ਕੰਮ ਕਰਨ ਵਾਲਾ ਇਨਸਾਨ ਹੀ ਉੱਚੀ ਜ਼ਾਤ ਵਾਲਾ ਹੈ ਅਤੇ ਮਾੜੇ ਜਾਂ ਬੁਰੇ ਕੰਮ ਕਰਨ ਵਾਲਾ ਹੀ ਨੀਵੀਂ ਜ਼ਾਤ ਵਾਲਾ ਹੈ । ਇਹੀ ਗੁਰਮਤਿ ਦਾ ਸਿਧਾਂਤ ਹੈ ।

ਇਸ ਜ਼ਾਤ-ਪਾਤ ਦੇ ਭੈੜੇ ਵਿਤਕਰੇ ਨੂੰ ਸਿੱਖ ਧਰਮ ਨੇ ਖ਼ਤਮ ਕੀਤਾ । ਗੁਰੂ ਨਾਨਕ ਸਾਹਿਬ ਜੀ ਅਤੇ ਬਾਕੀ ਨੌਂ ਪਾਤਸ਼ਾਹੀਆਂ ਨੇ ਇਸ ਵਿਤਕਰੇ ਨੂੰ ਮਿਟਾਉਣ ਲਈ ਧਰਮਸ਼ਾਲਾਵਾਂ ਅਤੇ ਸੰਗਤਾਂ ਕਾਇਮ ਕਰਕੇ ਕੀਰਤਨ ਕਰਨ ਅਤੇ ਮਿਲ ਬੈਠ ਕੇ ਲੰਗਰ ਛੱਕਣ ਅਤੇ ਛਕਾਉਣ ਲਈ ਹੁਕਮ ਕੀਤਾ । ਗੁਰੂ ਸਾਹਿਬਾਨ ਨੇ ਜ਼ਾਤ-ਪਾਤ ਅਤੇ ਉਚ-ਨੀਚ ਦੇ ਵਿਤਕਰੇ ਨੂੰ ਖ਼ਤਮ ਕਰਨ ਲਈ ਅਮਲੀ ਕਦਮ ਚੁੱਕੇ । ਉਹਨਾਂ ਨੇ ਸੰਗਤ ਅਤੇ ਪੰਗਤ ਦਾ ਸਿਧਾਂਤ ਦੇ ਕੇ ਸਮਾਜ ਵਿੱਚ ਇਨਕਲਾਬ ਲਿਆਂਦਾ ਅਤੇ ਭਾਈਚਾਰੇ ਦੀ ਨੀਂਹ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਇਆ ।

**ਸੰਗਤ** : ਮਨੁੱਖੀ ਜੀਵਨ ਦੀ ਉਸਾਰੀ ਵਿੱਚ ਸੰਗਤ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ । ਦੂਜਿਆਂ ਦੀ ਸੰਗਤ ਤੋਂ ਇਨਸਾਨ ਬਹੁਤ ਕੁਝ ਸਿਖਦਾ ਹੈ । ਚੰਗੇ ਵਿਚਾਰ, ਚੰਗੀ ਸੰਗਤ ਨਾਲ ਹੀ ਬਣਦੇ ਹਨ । ਇਸੇ ਤਰ੍ਹਾਂ ਹੀ ਲੋਕਾਂ ਵਿੱਚ ਜੋ ਵਖਰੇਵਾਂ ਦਿਖਾਈ ਦੇ ਰਿਹਾ ਸੀ, ਉਸ ਨੂੰ ਗੁਰੂ ਸਾਹਿਬਾਨ ਨੇ ਦੂਰ ਕਰਕੇ ਲੋਕਾਂ ਵਿੱਚ ਆਪਸੀ ਪਿਆਰ ਤੇ ਭਾਈਚਾਰੇ ਦੀ ਨੀਂਹ ਨੂੰ ਪੱਕਾ ਕੀਤਾ । ਸੰਗਤ ਵਿੱਚ ਇਕੱਠੇ ਬੈਠ ਕੇ ਲੋਕ ਪ੍ਰਭੂ ਦੀ ਆਰਾਧਨਾ ਕਰਦੇ ਅਤੇ ਗੁਰੂ ਸਾਹਿਬਾਨ ਦੇ ਉਪਦੇਸ਼ ਸੁਣਦੇ, ਇਸ ਨਾਲ ਲੋਕਾਂ ਦੇ ਮਨਾਂ ਵਿੱਚੋਂ ਨਫ਼ਰਤ ਖ਼ਤਮ ਹੋਈ ਤੇ ਆਪਸ ਵਿੱਚ ਪਿਆਰ ਵਧਿਆ ਅਤੇ ਜ਼ਾਤ-ਪਾਤ ਦਾ ਹੰਕਾਰ ਘੱਟ ਹੋਇਆ । ਇਸੇ ਕਰਕੇ ਹੀ ਸਿੱਖ ਧਰਮ ਨੇ ਸੰਗਤ ਦਾ ਨਵੀਨ ਅਤੇ ਬਹੁਤ ਹੀ ਸੋਹਣਾ ਸਿਧਾਂਤ ਇਸ ਜਗਤ ਨੂੰ ਦਿੱਤਾ ।

**ਪੰਗਤ** : ਸੰਗਤ ਵਿੱਚ ਬੈਠ ਕੇ ਜਿੱਥੇ ਸੱਚੇ ਗੁਰੂ ਦੇ ਗਿਆਨ ਨਾਲ ਮਨ ਨੂੰ ਹਰਾ-ਭਰਾ ਕਰਨਾ ਹੈ, ਉੱਥੇ ਨਾਲ ਹੀ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛੱਕਣਾ ਹੈ ਤਾਂ ਕਿ ਸਾਰੇ ਲੋਕ ਇੱਕ-ਦੂਸਰੇ ਨੂੰ ਆਪਣੇ ਪਰਿਵਾਰ ਦੇ ਹੀ ਮੈਂਬਰ ਸਮਝਣ । ਲੰਗਰ ਬਣਾਉਣ ਅਤੇ ਵਰਤਾਉਣ ਵੇਲੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ । ਕੋਈ ਵੀ ਆਦਮੀ ਜਾਂ ਔਰਤ ਲੰਗਰ ਬਣਾ ਅਤੇ ਵਰਤਾ ਸਕਦੇ ਹਨ । ਇਸ ਤਰ੍ਹਾਂ ਸਿੱਖ ਧਰਮ ਦੇ ਇਸ ਸੰਗਤ ਅਤੇ ਪੰਗਤ ਦੇ ਸਿੱਧਾਂਤ ਨੇ ਸਦੀਆਂ ਤੋਂ ਮਨੁੱਖਤਾ ਵਿੱਚ ਪਏ ਹੋਏ ਭੇਦ-ਭਾਵ ਨੂੰ ਖ਼ਤਮ ਕੀਤਾ ।

ਸਿੱਖ ਇਤਿਹਾਸ ਵਿੱਚ ਅਜਿਹੀਆਂ ਗਵਾਹੀਆਂ ਆਮ ਵੇਖਣ ਵਿੱਚ ਆਉਂਦੀਆਂ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਲੰਗਰ ਸ਼ੁਰੂ ਕਰਕੇ ਇੱਕੋ ਹੀ ਪੰਗਤ ਵਿੱਚ ਬੈਠ ਕੇ ਛੱਕਣ ਦਾ ਹੁਕਮ ਕੀਤਾ ਸੀ । ਬਾਅਦ ਵਿੱਚ ਵੀ ਗੁਰੂ ਸਾਹਿਬਾਨਾਂ ਨੇ ਵੀ ਇਸ ਮਰਿਯਾਦਾ ਨੂੰ ਅੱਗੇ ਤੋਰਨ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ । ਤੀਜੇ ਪਾਤਸ਼ਾਹ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਇਹੀ ਮਰਿਯਾਦਾ ਜਾਰੀ ਰੱਖੀ, ਪਰ ਸਦੀਆਂ ਪੁਰਾਣਾ ਜ਼ਾਤ-ਪਾਤ ਦਾ ਵਿਤਕਰਾ ਇੰਨੀ ਛੇਤੀ ਦੂਰ ਨਹੀਂ ਹੋ ਸਕਦਾ ਸੀ । ਗੁਰੂ ਅਮਰਦਾਸ ਸਾਹਿਬ ਜੀ ਨੇ ਦੇਖਿਆ ਕਿ ਕਈ ਲੋਕ ਸੰਗਤ ਵਿੱਚ ਬੈਠ ਕੇ ਉਪਦੇਸ਼ ਤਾਂ ਸੁਣ ਲੈਂਦੇ ਹਨ, ਪਰ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਨਹੀਂ ਛਕਦੇ । ਇਸ ਗੱਲ ਵੱਲ ਗੁਰੂ ਸਾਹਿਬ ਜੀ ਨੇ ਖ਼ਾਸ ਧਿਆਨ ਦਿੱਤਾ ਅਤੇ ਇਹ ਹੁਕਮ ਕਰੜਾਈ ਨਾਲ ਲਾਗੂ ਕੀਤਾ ਕਿ ਹੁਣ ਤੋਂ ਬਾਅਦ ਗੁਰ ਉਪਦੇਸ਼ ਜਾਂ ਸੰਗਤ ਵਿੱਚ ਗੁਰੂ ਕੋਲ ਆਉਣ ਦਾ ਹੱਕਦਾਰ ਓਹੀ ਹੋਵੇਗਾ, ਜਿਹੜਾ ਪਹਿਲਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕੇਗਾ । ਇਹ ਪੰਗਤ ਅਤੇ ਸੰਗਤ ਦਾ ਸਿਧਾਂਤ ਹਰ ਇਕ ਉੱਪਰ ਲਾਗੂ ਹੋਵੇਗਾ, ਭਾਵੇਂ ਉਹ ਮਹਾਰਾਜਾ ਹੋਵੇ ਜਾਂ ਗ਼ਰੀਬ ਆਦਮੀ । ਗੁਰੂ ਸਾਹਿਬ ਜੀ ਨੇ ਆਪਣਾ ਇਹ ਹੁਕਮ ਲਿਖ ਕੇ ਲਗਵਾ ਦਿੱਤਾ ਕਿ

**"ਪਹਿਲੇ ਪੰਗਤ ਪਾਛੈ ਸੰਗਤਿ"**

ਹਿੰਦੁਸਤਾਨ ਦਾ ਬਾਦਸ਼ਾਹ ਅਕਬਰ ਵੀ ਜਦੋਂ ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਆਇਆ ਸੀ ਤਾਂ ਉਸ ਨੇ ਵੀ ਇਸ ਹੁਕਮ ਨੂੰ ਮੰਨਿਆ ਸੀ । ਬਾਦਸ਼ਾਹ ਅਕਬਰ ਗੁਰੂ ਘਰ ਦੀ ਸ਼ੋਭਾ ਪਹਿਲਾਂ ਵੀ ਸੁਣ ਚੁੱਕਾ ਸੀ । ਕਿਉਂਕਿ ਕਈ ਉੱਚ ਜ਼ਾਤੀਏ ਬ੍ਰਾਹਮਣ, ਖੱਤ੍ਰੀ ਤੇ ਹੋਰ ਕਈ ਲੋਕ, ਜੋ ਕਿ ਸਿੱਖ ਧਰਮ ਦੀ ਚੜ੍ਹਦੀ ਕਲਾ ਤੋਂ ਦੁਖੀ ਸਨ, ਉਹਨਾਂ ਨੇ ਅਕਬਰ ਕੋਲ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਜੀ ਹਿੰਦੂ ਅਤੇ ਮੁਸਲਮਾਨ ਮੱਤਾਂ ਦੇ ਖ਼ਿਲਾਫ਼ ਹਨ । ਸਾਡੀ ਪੂਜਾ ਮਾਨਤਾ ਹੋਣੀ ਬੰਦ ਹੋ ਗਈ ਹੈ । ਪਰ ਜਦੋਂ ਅਕਬਰ ਬਾਦਸ਼ਾਹ ਨੇ (ਗੁਰੂ) ਰਾਮਦਾਸ ਸਾਹਿਬ ਜੀ ਕੋਲੋਂ ਸਿੱਖ ਧਰਮ ਦੇ ਮਾਨਵਵਾਦੀ ਅਤੇ ਸਰਬ-ਸਾਂਝੇ ਸਿਧਾਂਤਾਂ ਬਾਰੇ ਸੁਣਿਆ ਤਾਂ ਉਸ ਦੀ ਤਸੱਲੀ ਹੋ ਗਈ । ਇਸ ਤੋਂ ਪ੍ਰਭਾਵਿਤ ਹੋ ਕੇ ਹੀ ਅਕਬਰ ਬਾਦਸ਼ਾਹ, ਗੁਰੂ

ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਆਇਆ । ਉਸ ਦੇ ਦਰਬਾਰੀ ਤੇ ਹੋਰ ਕਈ ਕਰਮਚਾਰੀ ਵੀ ਨਾਲ ਸਨ । ਗੋਇੰਦਵਾਲ ਸ਼ਹਿਰ ਦੇ ਬਾਹਰ ਪਹੁੰਚ ਕੇ ਉਹ ਆਪਣੀ ਸਵਾਰੀ ਤੋਂ ਉਤਰ ਕੇ ਨੰਗੇ ਪੈਰੀਂ ਚੱਲਣ ਲੱਗ ਪਿਆ । ਜਦੋਂ ਉਸ ਦੇ ਦਰਬਾਰੀ ਉਸ ਦੇ ਚੱਲਣ ਲਈ ਰੇਸ਼ਮੀ ਕੱਪੜਾ (ਪਾਂਵਟਾ) ਵਿਛਾਉਣ ਲੱਗੇ ਤਾਂ ਬਾਦਸ਼ਾਹ ਅਕਬਰ ਨੇ ਕਿਹਾ, "ਜਦੋਂ ਅੱਲ੍ਹਾ ਦੇ ਪਿਆਰੇ, ਉੱਚੇ ਤੇ ਮਹਾਨ ਧਰਮੀ ਪੁਰਸ਼ ਜਾਂ ਮੁਰਸ਼ਦ (ਗੁਰੂ) ਦੀ ਸੰਗਤ ਵਿੱਚ ਜਾਣਾ ਹੋਵੇ ਤਾਂ ਹਮੇਸ਼ਾਂ ਨਿਮਰਤਾ ਪੂਰਵਕ ਹੀ ਜਾਣਾ ਚਾਹੀਦਾ ਹੈ । ਮਨ ਵਿੱਚ ਆਪਣੇ ਉੱਚੇ ਅਹੁਦੇ ਦਾ ਕੋਈ ਹੰਕਾਰ ਨਹੀਂ ਹੋਣਾ ਚਾਹੀਦਾ ।"

ਜਦੋਂ ਅਕਬਰ ਬਾਦਸ਼ਾਹ ਗੁਰੂ ਘਰ ਪਹੁੰਚਿਆ ਤਾਂ ਉਸ ਨੇ ਵੀ "ਪਹਿਲੇ ਪੰਗਤ ਪਾਛੈ ਸੰਗਤਿ" ਦੇ ਸਿਧਾਂਤ ਤੇ ਹੁਕਮ ਨੂੰ ਮੰਨਿਆ । ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿੱਚ ਜ਼ਮੀਨ ਉੱਪਰ ਬੈਠ ਕੇ ਆਮ ਲੋਕਾਂ ਨਾਲ ਮਿਲ ਕੇ ਲੰਗਰ ਛਕਿਆ । ਜਦ ਉਸ ਦੇ ਦਰਬਾਰੀਆਂ ਨੇ ਇਸ ਗੱਲ ਦਾ ਇਤਰਾਜ਼ ਕੀਤਾ ਤਾਂ ਵੀ ਅਕਬਰ ਬਾਦਸ਼ਾਹ ਨੇ ਕੋਈ ਪਰਵਾਹ ਨਾ ਕੀਤੀ, ਸਗੋਂ ਕੇਵਲ ਗੁਰੂ ਹੁਕਮਾਂ ਦਾ ਪੂਰਨ ਸਤਿਕਾਰ ਕੀਤਾ ।

ਅੱਜ ਉਸ ਨੂੰ ਜੋ ਸੁਆਦ ਗੁਰੂ ਕਾ ਲੰਗਰ ਛਕ ਕੇ ਆਇਆ, ਅਜਿਹਾ ਸੁਆਦ ਉਸ ਨੂੰ ਭੋਜਨ ਵਿੱਚੋਂ ਪਹਿਲਾਂ ਕਦੇ ਵੀ ਨਹੀਂ ਸੀ ਆਇਆ । ਲੰਗਰ ਛੱਕਣ ਤੋਂ ਬਾਅਦ ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਸਾਹਿਬ ਜੀ ਦੀ ਸੰਗਤ ਵਿੱਚ ਆ ਕੇ ਉਹਨਾਂ ਦੇ ਦਰਸ਼ਨ ਕੀਤੇ । ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬਾਦਸ਼ਾਹ ਅਕਬਰ ਨੇ ਸੀਸ ਝੁਕਾਇਆ ਅਤੇ ਗੁਰੂ ਸਾਹਿਬ ਜੀ ਨਾਲ ਕੁਝ ਵਿਚਾਰਾਂ ਵੀ ਸਾਂਝੀਆਂ ਕੀਤੀਆਂ ।

ਅਕਬਰ ਬਾਦਸ਼ਾਹ: ਪਾਤਸ਼ਾਹ ਜੀਓ ! ਆਪ ਜੀ ਦੇ ਚਿਹਰੇ 'ਤੇ ਇਹ ਇਤਨਾ ਨੂਰ ਕਿਵੇਂ ਹੈ ?

ਗੁਰੂ ਸਾਹਿਬ ਜੀ : ਇਹ ਸਭ ਅੱਲ੍ਹਾ ਦੀ ਯਾਦ ਦਾ ਮਿੱਠਾ ਫ਼ਲ ਹੈ ।

ਲੰਗਰ ਛਕਣ ਨਾਲ ਅਕਬਰ ਦੇ ਸਰੀਰ ਅਤੇ ਮਨ ਨੂੰ ਸ਼ਾਂਤੀ ਮਿਲੀ ।

ਅਕਬਰ ਬਾਦਸ਼ਾਹ: (ਗੁਰੂ ਪਾਤਸ਼ਾਹ ਨੂੰ ਬੇਨਤੀ ਕਰਦੇ ਹੋਏ) ਮੈਂ ਵੀ ਲੰਗਰ ਵਿੱਚ ਕੁਝ ਹਿੱਸਾ ਪਾਉਣਾ ਚਾਹੁੰਦਾ ਹਾਂ ।ਇਸ ਲਈ ਇਸ ਇਲਾਕੇ ਦੀ ਜਗੀਰ ਲੰਗਰ ਦੇ ਨਾਂ 'ਤੇ ਕਰਨਾ ਚਾਹੁੰਦਾ ਹਾਂ ।

ਗੁਰੂ ਸਾਹਿਬ ਜੀ : ਇਹ ਲੰਗਰ ਕੇਵਲ ਅਕਾਲ ਪੁਰਖ ਦੀ ਕਿਰਪਾ ਸਦਕਾ ਧਰਮ ਦੀ ਕਿਰਤ ਕਰਦੇ ਹੋਏ ਸਿੱਖਾਂ ਵੱਲੋਂ ਦਿੱਤੀ ਭੇਟਾ ਨਾਲ ਹੀ ਚਲਦਾ ਹੈ । ਇਹ ਲੰਗਰ ਬਾਦਸ਼ਾਹਾਂ ਵੱਲੋਂ ਦਿੱਤੀਆਂ ਜਗੀਰਾਂ ਨਾਲ ਨਹੀਂ ਚਲ ਸਕਦੇ । ਅਸਾਨੂੰ ਰੱਬ ਨੇ ਬਖ਼ਸ਼ਿਸ਼ ਕੀਤੀ ਹੈ, ਕਿਸੇ ਵੀ ਵਸਤੂ ਦੀ ਤੋਟ ਨਹੀਂ ਹੈ । ਜਗੀਰਾਂ ਕਰਕੇ ਇਨਸਾਨ ਵਿਹਲੜ ਹੋ ਜਾਂਦੇ ਹਨ । ਇਸ ਕਰਕੇ ਸਾਨੂੰ ਤੁਹਾਡੀ ਜਗੀਰ ਦੀ ਜ਼ਰੂਰਤ ਨਹੀਂ ਹੈ ।

ਅਕਬਰ ਨੇ ਬਹੁਤ ਜ਼ੋਰ ਲਾਇਆ ਪਰ ਗੁਰੂ ਸਾਹਿਬ ਜੀ ਨੇ ਜਗੀਰ ਪ੍ਰਵਾਨ ਨਹੀਂ ਕੀਤੀ ।

ਇਸ ਤਰ੍ਹਾਂ ਗੁਰਮਤਿ ਵਿੱਚ ਸੰਗਤ ਅਤੇ ਪੰਗਤ ਦਾ ਸਿੱਧਾਂਤ ਅਮਲੀ ਪੱਧਰ ਉੱਪਰ ਲਾਗੂ ਹੋ ਗਿਆ । ਸੰਗਤ ਅਤੇ ਪੰਗਤ ਸਮੇਂ ਕਿਸੇ ਨਾਲ ਵੀ, ਕਿਸੇ ਕਿਸਮ ਦਾ, ਕੋਈ ਵੀ ਵਿਤਕਰਾ ਨਹੀਂ ਕੀਤਾ ਜਾਂਦਾ । ਗੁਰੂ ਘਰ ਵਿੱਚ ਸੱਭ ਲਈ ਬਰਾਬਰ ਦਾ ਦਰਜਾ ਹੈ । ਹਰੇਕ ਨਾਲ ਪ੍ਰੇਮ-ਪਿਆਰ ਕਰਨਾ ਹੀ ਗੁਰਮਤਿ ਦੇ ਮੁੱਖ ਉਪਦੇਸ਼ ਅਤੇ ਸਿੱਧਾਂਤ ਹਨ ।

**********

# ਭਾਈ ਬਿਧੀ ਚੰਦ ਜੀ

ਭਾਈ ਬਿਧੀ ਚੰਦ ਜੀ ਦਾ ਜਨਮ ਪਿੰਡ ਸੁਰ ਸਿੰਘ ਵਿਖੇ ਭਾਈ ਵੱਸਣ ਜੀ ਦੇ ਘਰ ਹੋਇਆ ।ਭਾਈ ਬਿਧੀ ਚੰਦ ਜੀ ਦਾ ਪਹਿਲਾ ਨਾਮ ਬਿਧੀਆ ਸੀ । ਆਪ ਜੀ ਵੱਡੇ ਕੱਦ ਦੇ ਸਨ ਤੇ ਦਲੇਰੀ ਵਿੱਚ ਉਹਨਾਂ ਦੇ ਤੁੱਲ (ਬਰਾਬਰ) ਕੋਈ ਵਿਰਲਾ ਹੀ ਸੀ । ਆਪ ਜੀ ਦੇ ਨਾਨਕੇ ਸਰਹਾਲੀ ਸਨ ਅਤੇ ਆਪ ਨੂੰ ਉੱਥੇ ਹੀ ਬਚਪਨ ਵਿੱਚ ਮਾੜੀ ਸੰਗਤ ਕਰਕੇ ਚੋਰੀ ਦੀ ਆਦਤ ਪੈ ਗਈ ਸੀ ।

ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਦੇ ਇੱਕ ਗੁਰੂ ਘਰ ਦੇ ਅਨਿਨ ਸੇਵਕ ਸਿੱਖ ਭਾਈ ਅਦਲੀ ਜੀ ਨਾਲ ਭਾਈ ਬਿਧੀ ਚੰਦ ਦਾ ਮਿਲਾਪ ਹੋਇਆ ਤਾਂ ਭਾਈ ਬਿਧੀ ਚੰਦ ਜੀ, ਭਾਈ ਅਦਲੀ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਗਏ । ਭਾਈ ਅਦਲੀ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਮਾੜੀ ਸੰਗਤ ਤੋਂ ਵਰਜਿਆ । ਭਾਈ ਅਦਲੀ ਜੀ ਦੀ ਪ੍ਰੇਰਨਾ ਸਦਕਾ ਭਾਈ ਬਿਧੀ ਚੰਦ ਨੇ ਚੋਰੀਆਂ ਕਰਨੀਆਂ ਤੇ ਡਾਕੇ ਮਾਰਨ ਦਾ ਮਾੜਾ ਕੰਮ ਛੱਡ ਦਿੱਤਾ । ਭਾਈ ਅਦਲੀ ਜੀ ਨੇ ਉਹਨਾਂ ਨੂੰ ਗੁਰੂ ਘਰ ਵਲ ਪ੍ਰੇਰਿਆ ਤੇ ਉਹ ਗੁਰੂ ਅਰਜਨ ਸਾਹਿਬ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਏ ਅਤੇ ਸਿੱਖ ਧਰਮ ਧਾਰਣ ਕਰਕੇ ਗੁਰ-ਉਪਦੇਸ਼ਾਂ ਦੀ ਕਮਾਈ ਕਰਨ ਵਿੱਚ ਜੁੱਟ ਗਏ ।

ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਉਪਰੰਤ ਸੰਗਤਾਂ ਨੂੰ ਲਾਮਬੱਧ (ਔਰਗਨਸਿਏ) ਕਰਨ ਲਈ ਆਪ ਜੀ ਨੇ ਪੰਜਾਬ ਦੇ ਮਾਝੇ ਇਲਾਕੇ ਦੇ ਪਿੰਡਾਂ ਵਿੱਚ ਫਿਰ-ਫਿਰ ਕੇ ਸੰਗਤਾਂ ਵਿੱਚ ਉਤਸ਼ਾਹ ਭਰਿਆ । ਆਪ ਜੀ ਨੇ ਪਿੰਡ ਦੇ ਢਾਡੀਆਂ ਨੂੰ ਗੁਰੂ ਜੱਸ ਗਾਉਣ ਲਈ ਪ੍ਰੇਰਿਆ ਤੇ ਉਹਨਾਂ ਢਾਡੀਆਂ ਨੇ ਸਿੱਖਾਂ ਵਿੱਚ ਨਵਾਂ ਜੋਸ਼ ਭਰਿਆ । ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨੌਜੁਆਨ ਅਤੇ ਤਕੜੇ ਗੁਰਸਿੱਖਾਂ ਦੀ ਮੰਗ ਕੀਤੀ ਤਾਂ ਆਪ ਜੀ ਸੁਰ ਸਿੰਘ ਪਿੰਡ ਦੇ ਹੀ 52 ਸਿਰਕੱਢ ਨੌਜੁਆਨਾਂ ਸਮੇਤ ਦੋ ਢਾਡੀਆਂ ਨੂੰ ਲੈ ਕੇ ਗੁਰੂ ਸਾਹਿਬ ਜੀ ਕੋਲ ਆ ਹਾਜ਼ਰ ਹੋਏ ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਫ਼ੌਜਾਂ ਦੀ ਗਿਣਤੀ ਦਿਨੋਂ-ਦਿਨ ਵੱਧਣ ਲੱਗੀ । ਗੁਰੂ ਸਾਹਿਬ ਜੀ ਨੇ ਫ਼ੌਜਾਂ ਦੇ ਪੰਜ ਜੱਥੇ ਬਣਾਏ ਅਤੇ ਹਰੇਕ ਜੱਥੇ ਦਾ ਇੱਕ ਜੱਥੇਦਾਰ ਨਿਯੁਕਤ ਕੀਤਾ ਗਿਆ ।

(1) ਭਾਈ ਲੰਗਾਹ ਜੀ – ਅਗਾਂਹ ਹੋ ਕੇ ਲੜਣ ਵਾਲੇ ਜੱਥੇ ਦੇ ਜੱਥੇਦਾਰ ।
(2) ਭਾਈ ਬਿਧੀ ਚੰਦ ਜੀ – ਗੁਰੀਲਾ ਜੰਗ ਕਰਨ ਵਾਲੇ ਜੱਥੇ ਦੇ ਜੱਥੇਦਾਰ ।
(3) ਭਾਈ ਪਿਰਾਣਾ ਜੀ – ਜਾਸੂਸੀ ਮਹਿਕਮੇ ਦੇ ਜੱਥੇਦਾਰ ।
(4) ਭਾਈ ਪਿਰਾਗਾ ਜੀ – ਸਪਲਾਈ ਮਹਕਿਮੇ ਦੇ ਜੱਥੇਦਾਰ ।
(5) ਭਾਈ ਜੇਠਾ ਜੀ – ਘੋੜ ਸਵਾਰ ਫ਼ੌਜ ਦੇ ਜੱਥੇਦਾਰ ।

ਸੰਨ 1619 ਈਸਵੀ ਵਿੱਚ ਜਦੋਂ ਹਕੂਮਤ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹਿਰਾਸਤ ਵਿੱਚ ਲਿਆ ਤਾਂ ਭਾਈ ਬਿਧੀ ਚੰਦ ਜੀ ਦੇ ਜੱਥੇ ਨੇ ਪਿੰਡਾਂ ਵਿੱਚ ਸਿੱਖ ਸੰਗਤਾਂ ਵਿੱਚ ਫਿਰ-ਫਿਰ ਕੇ ਗੁਰੂ ਪਿਆਰ ਨੂੰ ਕਾਇਮ ਰਖਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਪਣੀ ਵਿਦਵਤਾ ਤੇ ਉੱਚੀ-ਸੁੱਚੀ ਸ਼ਖਸੀਅਤ ਨਾਲ ਸੰਗਤਾਂ ਉੱਤੇ ਪ੍ਰਭਾਵ ਪਾਉਂਦੇ ਸਨ ਅਤੇ ਭਾਈ ਬਿਧੀ ਚੰਦ ਜੀ ਦਾ ਜੱਥਾ ਉਹਨਾਂ ਦੇ ਪਿੰਡ ਪੁੱਜਣ ਤੋਂ ਪਹਿਲਾਂ ਹੀ ਢਾਡੀਆਂ ਨੂੰ ਨਾਲ ਲੈ ਕੇ ਸੁਯੋਗ ਵਾਤਾਵਰਣ ਬਣਾ ਦਿੰਦੇ ਸਨ । ਆਪ ਜੀ ਦੀ ਮਿਹਨਤ ਸਦਕਾ ਐਸਾ ਗੁਰੂ-ਜਸ ਤੇ ਸਿੱਖੀ ਦਾ ਪ੍ਰਚਾਰ ਹੋਇਆ ਕਿ ਪੰਜਾਬ ਵਿੱਚ ਮੁਗ਼ਲ ਰਾਜ ਵਿਰੁੱਧ ਬਗ਼ਾਵਤ ਵਰਗੇ ਹਾਲਾਤ ਬਣ ਗਏ ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਮਗਰੋਂ ਭਾਈ ਬਿਧੀ ਚੰਦ ਜੀ ਨੇ ਗੁਰੂ ਸਾਹਿਬ ਜੀ ਦੇ ਅੰਗ-ਰਖਿਅਕ ਦੀ ਜ਼ਿੰਮੇਵਾਰੀ ਸੰਭਾਲ ਲਈ । ਉਸ ਸਮੇਂ ਬਹੁਤ ਸਾਵਧਾਨੀ ਦੀ ਲੋੜ ਸੀ ਤੇ ਭਾਈ ਸਾਹਿਬ ਜੀ ਨੇ ਸਦਾ-ਸਦ ਜਾਗਤ ਰਹਿ ਕੇ ਗੁਰੂ ਜੀ ਦੇ ਅੰਗ-ਪਾਲਕ ਦੀ ਜ਼ਿੰਮੇਵਾਰੀ ਅਤਿ ਉੱਤਮ ਤਰੀਕੇ ਨਾਲ ਨਿਭਾਈ । ਜਹਾਂਗੀਰ ਬਾਦਸ਼ਾਹ ਨੇ ਜਦ ਦੁਸ਼ਟ ਚੰਦੂ ਸ਼ਾਹ ਨੂੰ ਗੁਰੂ ਸਾਹਿਬ ਜੀ ਦੇ ਹਵਾਲੇ ਕੀਤਾ ਤਾਂ ਗੁਰੂ ਸਾਹਿਬ ਜੀ ਨੇ ਚੰਦੂ ਸ਼ਾਹ ਨੂੰ ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਦੇ ਹਵਾਲੇ ਕਰ ਦਿੱਤਾ । ਲਾਹੌਰ ਵਿੱਚ ਸਾਰਿਆਂ ਦੇ ਸਾਹਮਣੇ ਚੰਦੂ ਨੂੰ ਸਜ਼ਾ ਦਿੱਤੀ ਗਈ ਤਾਂ ਕਿ ਗੁਰੂ ਘਰ ਦੇ ਬਾਕੀ ਦੋਖੀਆਂ ਨੂੰ ਸਿੱਖਿਆ ਮਿਲ ਸਕੇ । ਲਾਹੌਰ ਵਿਖੇ ਹੀ ਜਦ ਪ੍ਰਿਥੀਚੰਦ ਦੇ ਪੁੱਤਰ ਮਿਹਰਬਾਨ ਨੇ ਸ਼ਰਾਰਤ ਕਰਨੀ ਚਾਹੀ, ਤਾਂ ਗੁਰੂ ਸਾਹਿਬ ਜੀ ਨੇ ਬਿਧੀ ਚੰਦ ਨੂੰ ਭੇਜਿਆ ਕਿ ਉਸ ਨੂੰ ਮੱਤ ਦੇਣ ਤੇ ਸਮਝਾਉਣ । ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਪ੍ਰਚਾਰ ਦੌਰੇ ਤੇ ਹਰਗੋਬਿੰਦਪੁਰੇ ਗਏ

ਹੋਏ ਸਨ ਤਾਂ ਭਗਵਾਨ ਦਾਸ ਘੇਰੜ, ਜੋ ਕਿ ਕਾਹਨੇ ਭਗਤ ਦਾ ਪੁੱਤਰ ਸੀ, ਅਤੇ ਕਰਮ ਚੰਦ ਜੋ ਕਿ ਚੰਦੂ ਸ਼ਾਹ ਦਾ ਪੁੱਤਰ ਸੀ, ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲੇ ਨੂੰ ਨਾਲ ਲੈ ਕੇ ਹਮਲਾ ਕਰ ਦਿੱਤਾ । ਇਸ ਵਿੱਚ ਭਾਈ ਬਿਧੀ ਚੰਦ ਜੀ ਦੀ ਫ਼ੌਜ ਨੂੰ ਰਾਖਵਾਂ ਰੱਖ ਕੇ ਗੁਰੂ ਸਾਹਿਬ ਜੀ ਨੇ ਜੰਗ ਕੀਤੀ ਤੇ ਜਿੱਥੇ ਵੀ ਲੋੜ ਪੈਂਦੀ, ਸਾਹਿਬ ਜੀ ਅਗਾਂਹ ਹੋ ਕੇ ਕਮਾਨ ਸੰਭਾਲਦੇ । ਅੰਤ ਭਗਵਾਨ ਦਾਸ ਘੇਰੜ, ਕਰਮ ਚੰਦ ਅਤੇ ਜਲੰਧਰ ਦਾ ਫ਼ੌਜਦਾਰ ਮਾਰਿਆ ਗਿਆ ਅਤੇ ਫ਼ਤਿਹ ਗੁਰੂ ਸਾਹਿਬ ਜੀ ਦੀ ਹੋਈ ।

ਜਹਾਂਗੀਰ ਦੀ ਮੌਤ ਤੋਂ ਮਗਰੋਂ ਲਾਹੌਰ ਦਰਬਾਰ ਨੂੰ ਖੁਲ੍ਹ ਮਿਲ ਗਈ । ਇੱਕ ਦਿਨ ਸਿੱਖ ਸ਼ਿਕਾਰ ਖੇਡਣ ਗਏ ਹੋਏ ਸਨ ਕਿ ਸ਼ਾਹੀ ਬਾਜ਼ ਸਿੱਖਾਂ ਦੇ ਹੱਥ ਆ ਗਿਆ । ਸਿੱਖਾਂ ਦੁਆਰਾ ਸ਼ਾਹੀ ਬਾਜ਼ ਦੇ ਫੜਨ ਨੂੰ "ਬਾਦਸ਼ਾਹੀ ਨੂੰ ਹੱਥ ਪਾਉਣਾ" ਆਖ ਕੇ ਮੁਖ਼ਲਿਸ ਖ਼ਾਨ ਨੇ ਜ਼ਫ਼ਰ ਜੰਗ ਨੂੰ 7000 ਦੀ ਫੌਜ ਦੇ ਕੇ 14 ਅਪ੍ਰੈਲ 1634 ਨੂੰ ਅੰਮ੍ਰਿਤਸਰ ਵਿਖੇ ਹਮਲਾ ਕਰਨ ਲਈ ਭੇਜ ਦਿੱਤਾ । ਮੁਗ਼ਲ ਫ਼ੌਜਾਂ ਦੀ ਪਹਿਲੀ ਟੱਕਰ ਭਾਈ ਬਿਧੀ ਚੰਦ ਜੀ ਦੇ ਜੱਥੇ ਨਾਲ ਹੋਈ, ਭਾਈ ਜੀ ਦੇ ਜੱਥੇ ਨੇ ਫ਼ੌਜਾਂ ਨੂੰ ਰੋਕ ਲਿਆ ਤਾਂ ਕਿ ਜੰਗ ਲਈ ਸੂਰਮਿਆਂ ਨੂੰ ਸਾਵਧਾਨ ਕਰ ਸੱਕਣ ।

ਅਗਲੇ ਦਿਨ ਖੂੰਖਾਰ ਜੰਗ ਹੋਈ, ਜਿਸ ਵਿੱਚ ਭਾਈ ਬਿਧੀ ਚੰਦ ਜੀ, "ਭਾਈ ਸਿੰਘਾ" ਪੁਰੋਹਿੱਤ ਦੇ ਪੁੱਤਰ ਜੀਤ ਮੱਲ ਨੂੰ ਨਾਲ ਲੈ ਕੇ ਸ਼ਾਹੀ ਫ਼ੌਜਾਂ ਤੇ ਇੰਝ ਟੁੱਟ ਪਏ ਕਿ ਸ਼ਾਹੀ ਫ਼ੌਜਾਂ ਵਿੱਚ ਖਲਬਲੀ ਮਚ ਗਈ । ਇਸ ਜੰਗ ਵਿੱਚ ਭਾਈ ਬਿਧੀ ਚੰਦ ਨੇ ਮੁਗ਼ਲਾਂ ਦੇ ਵੱਡੇ-ਵੱਡੇ ਜਰਨੈਲਾਂ ਨਾਲ ਲੋਹਾ ਲਿਆ । ਮੁਖ਼ਲਿਸ ਖ਼ਾਨ ਨੇ ਫ਼ੌਜਾਂ ਨੂੰ ਵੰਗਾਰ ਪਾਈ ਕਿ ਗਾਜ਼ੀਓ ! ਤੁਸੀਂ ਸੂਰਮਿਆਂ ਦੀ ਔਲਾਦ ਹੋ ਤੇ ਟਾਕਰੇ ਵਿੱਚ ਫ਼ਕੀਰਾਂ ਦਾ ਟੋਲਾ ਹੈ, ਵੇਖਣਾ ਕੋਈ ਬਚ ਕੇ ਨਾ ਜਾਵੇ । ਪਰ ਇਸ ਫ਼ਕੀਰਾਂ ਦੇ ਟੋਲੇ ਨੇ ਐਸੀ ਜੰਗ ਲੜੀ ਕਿ ਕੌਮੀ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ।

ਜੰਗ ਦੇ ਦੂਜੇ ਦਿਨ ਭਾਈ ਬਿਧੀ ਚੰਦ ਜੀ ਨੇ ਸਿੱਧਾ ਸੁਲਤਾਨ ਬੇਗ਼ ਨੂੰ ਜਾ ਵੰਗਾਰਿਆ । ਸੁਲਤਾਨ ਬੇਗ਼ ਨੇ ਬੜੇ ਜ਼ੋਰ ਨਾਲ ਨੇਜ਼ੇ ਦਾ ਵਾਰ ਕੀਤਾ, ਪਰ ਭਾਈ ਬਿਧੀ ਚੰਦ ਜੀ ਬਚ ਗਏ ਤੇ ਉਹਨਾਂ ਨੇ ਐਸਾ ਭਰਵਾਂ ਵਾਰ ਕੀਤਾ ਕਿ ਸੁਲਤਾਨ ਬੇਗ਼ ਡਰ ਕੇ ਪਿੱਛੇ ਹੱਟ ਗਿਆ । ਭਾਈ ਬਿਧੀ ਚੰਦ ਜੀ ਨੇ ਭੱਜਦੇ ਨੂੰ ਕਾਇਰ ਕਿਹਾ ਤਾਂ ਉਸਨੇ ਵਾਪਸ ਮੁੜ ਕੇ ਫਿਰ ਵਾਰ ਕਰਨੇ ਸ਼ੁਰੂ ਕਰ ਦਿੱਤੇ, ਭਾਈ ਬਿਧੀ ਚੰਦ ਜੀ ਨੇ ਐਸਾ ਤੀਰ ਚਲਾਇਆ ਕਿ ਤੀਰ ਉਸ ਦੀ ਛਾਤੀ ਵਿੱਚ ਜਾ ਲੱਗਾ ਤੇ ਉਹ ਉੱਥੇ ਹੀ ਡਿੱਗ ਪਿਆ । ਸੁਲਤਾਨ ਬੇਗ਼ ਦੇ ਡਿੱਗਣ ਨਾਲ ਮੁਖ਼ਲਿਸ ਖ਼ਾਨ ਨੇ ਗੁਰੂ ਜੀ ਨਾਲ ਸਿੱਧਾ ਟਾਕਰਾ ਕੀਤਾ ਤੇ ਸਤਿਗੁਰਾਂ ਦੇ ਇੱਕੋ ਵਾਰ ਨਾਲ ਹੀ ਮੁਖ਼ਲਿਸ ਖ਼ਾਨ ਮਾਰਿਆ ਗਿਆ ।

ਤੀਜੀ ਜੰਗ ਦਾ ਮੁੱਖ ਕਾਰਨ ਮੁਗ਼ਲਾਂ ਦੀ ਅਣਖ ਨੂੰ ਵੰਗਾਰ ਸੀ । ਭਾਈ ਬਿਧੀ ਚੰਦ ਨੇ ਲਾਹੌਰ ਦਰਬਾਰ ਵੱਲੋਂ ਖੋਹੇ ਗਏ ਉਹ ਦੋ ਘੋੜੇ ਵਾਪਸ ਕੱਢ ਲਿਆਂਦੇ ਸਨ, ਜੋ ਇੱਕ ਸਿੱਖ ਗੁਰੂ ਸਾਹਿਬ ਜੀ ਨੂੰ ਭੇਟ ਕਰਨ ਲਈ ਕਾਬਲ ਤੋਂ ਲਿਆਇਆ ਸੀ । ਗੁਰੂ ਸਾਹਿਬ ਜੀ ਦੂਜੀ ਜੰਗ ਉਪਰੰਤ ਪ੍ਰਚਾਰ ਹਿੱਤ ਮਾਲਵੇ ਦੇ ਇਲਾਕੇ ਨੂੰ ਨਿਕਲ ਗਏ ਸਨ । ਉੱਥੇ ਗੁਰੂਸਰ ਸੁਧਾਰ ਵਿਖੇ ਭਾਈ ਦਿਆਲ ਚੰਦ ਤੇ ਬਖ਼ਤ ਮੱਲ ਨੇ ਕਾਬਲ ਦੀਆਂ ਸੰਗਤਾਂ ਵੱਲੋਂ ਭੇਟਾਵਾਂ ਹਾਜ਼ਿਰ ਕੀਤੀਆਂ ਅਤੇ ਨਾਲ ਹੀ ਦੱਸਿਆ ਕਿ ਭਾਈ ਕਰੋੜੀ ਮੱਲ ਵੀ ਦੋ ਘੋੜੇ ਗੁਲਬਾਗ਼ ਤੇ ਦਿਲਬਾਗ਼ ਗੁਰੂ ਸਾਹਿਬ ਜੀ ਨੂੰ ਭੇਟ ਕਰਨ ਲਈ ਲਿਆ ਰਿਹਾ ਸੀ ਤਾਂ ਲਾਹੌਰ ਵਿਖੇ ਅਨਾਇਤ ਉੱਲਾ ਨੇ ਖੋਹ ਲਏ ਹਨ । ਗੁਰੂ ਸਾਹਿਬ ਜੀ ਨੇ ਧਰਵਾਸਾ ਦਿੰਦੇ ਕਿਹਾ ਕਿ ਕਰੋੜੀ ਮੱਲ ਦੀ ਭੇਟਾ ਭਾਈ ਬਿਧੀ ਚੰਦ ਆਪੇ ਹੀ ਲੈ ਆਵੇਗਾ ।

ਭਾਈ ਸਾਹਿਬ ਜੀ ਨੇ ਗੁਰੂ ਜੀ ਦਾ ਇਸ਼ਾਰਾ ਸਮਝ ਲਿਆ ਅਤੇ ਗੁਰੂ ਘਰ ਦੀ ਹੋਂਦ ਤੇ ਅਣਖ ਕਾਇਮ ਰੱਖਣ ਹਿੱਤ ਘੋੜੇ ਵਾਪਸ ਲਿਆਉਣ ਲਈ ਤੁਰ ਪਏ । ਲਾਹੌਰ ਵਿਖੇ ਭਾਈ ਜੀਵਨ ਸਿੰਘ ਜੀ ਦੇ ਘਰ ਜਾ ਕੇ ਟਿਕਾਣਾ ਕੀਤਾ । ਭਾਈ ਸਾਹਿਬ ਜੀ ਘਾਹੀ ਦਾ ਰੂਪ ਧਾਰਣ ਕਰਕੇ ਰੋਜ਼ ਸਾਫ਼-ਸੁਥਰੇ ਘਾਹ ਦੀ ਪੰਡ ਬਣਾ ਕੇ ਕਿਲ੍ਹੇ ਦੀ ਦੀਵਾਰ ਕੋਲ ਬੈਠ ਜਾਂਦੇ ਸਨ । ਘੋੜਿਆਂ ਦੇ ਦਰੋਗੇ ਸੌਂਧੇ ਖ਼ਾਨ ਨੇ ਰੋਜ਼ ਘਾਹ ਖਰੀਦ ਲੈਣਾ । ਇੱਕ ਦਿਨ ਭਾਈ ਬਿਧੀ ਚੰਦ ਜੀ ਘਾਹ ਦੀ ਪੰਡ ਘੋੜਿਆਂ ਤਕ ਲੈ ਕੇ ਗਏ । ਇਸ ਤਰ੍ਹਾਂ ਰੋਜ਼ ਘਾਹ ਲਿਆਉਂਦੇ ਤੇ ਘੋੜਿਆਂ ਨੂੰ ਪਾ ਦਿੰਦੇ । ਘੋੜੇ ਭਾਈ ਸਾਹਿਬ ਜੀ ਨਾਲ ਪਰਚ ਗਏ ਤਾਂ ਦਰੋਗੇ ਨੇ ਉਹਨਾਂ ਨੂੰ ਨੌਕਰੀ ਤੇ ਹੀ ਰੱਖ ਲਿਆ । ਭਾਈ ਬਿਧੀ ਚੰਦ ਜੀ ਘੋੜਿਆਂ ਦੀ ਸੇਵਾ ਵੀ ਕਰਦੇ ਤੇ ਪੂਰੀ ਟੋਹ ਵੀ ਰਖਦੇ । ਉਹ ਜਾਣ ਬੁਝ ਕੇ ਅਣਜਾਣ ਬਣ ਗਏ ਤਾਂ ਕਿ ਸਾਰੇ ਨੌਕਰ ਉਹਨਾਂ ਨੂੰ ਅਲ੍ਹੜ ਤੇ ਝੱਲਾ ਜਿਹਾ ਸਮਝਣ । ਇੱਧਰ ਹਰ ਰਾਤ ਨੂੰ ਇੱਕ ਵੱਡਾ ਪੱਥਰ ਕਿਲ੍ਹੇ ਦੇ ਨਾਲ ਵਗਦੇ ਹੋਏ ਦਰਿਆ ਵਿੱਚ ਸੁੱਟ ਦਿੰਦੇ ਸਨ । ਪਹਿਲਾਂ ਕੁਝ ਦਿਨ ਤਾਂ ਹਲਚਲ ਹੋਈ, ਪਰ ਸੱਭ ਨੇ ਇਹ ਜਾਣ ਲਿਆ ਕਿ ਇਹ ਕੋਈ ਦਰਿਆਈ ਜਾਨਵਰ ਹੋਵੇਗਾ ਜੋ ਕਿਲ੍ਹੇ ਦੀ ਦੀਵਾਰ ਨਾਲ ਟਕਰਾਉਂਦਾ ਹੈ । ਇਸ ਤਰ੍ਹਾਂ ਕਰਦੇ-ਕਰਾਉਂਦੇ ਇੱਕ ਦਿਨ ਭਾਈ ਬਿਧੀ ਚੰਦ ਜੀ ਨੇ ਇੱਕ ਘੋੜੇ ਸਮੇਤ ਕਿਲ੍ਹੇ ਦੀ ਦੀਵਾਰ ਤੋਂ ਦਰਿਆ ਵਿੱਚ ਛਾਲ ਮਾਰੀ ਤੇ ਪੈਂਡਾ ਮੁਕਾਉਂਦੇ ਹੋਏ ਗੁਰੂ ਸਾਹਿਬ ਜੀ ਪਾਸ ਪਹੁੰਚ ਗਏ ।

ਹੁਣ ਭਾਈ ਬਿਧੀ ਚੰਦ ਜੀ ਦੂਜਾ ਘੋੜਾ ਲੈਣ ਲਈ ਫਿਰ ਲਾਹੌਰ ਆ ਪੁੱਜੇ । ਇਸ ਵਾਰੀ ਭਾਈ ਬਿਧੀ ਚੰਦ ਜੀ ਭਾਈ ਬੋਹੜੂ ਜੀ ਦੇ ਘਰ ਟਿਕੇ । ਭਾਈ ਬੋਹੜੂ ਜੀ ਨੇ ਦੱਸਿਆ ਕਿ ਘੋੜਾ ਗ਼ਾਇਬ ਹੋ ਜਾਣ ਕਰਕੇ ਸੌਂਧੇ ਖ਼ਾਨ ਸੱਭ ਖ਼ੋਜੀਆਂ ਤੇ ਨਜੂਮੀਆਂ ਦੇ ਪੈਰ ਚੁੰਮ ਰਿਹਾ ਹੈ । ਭਾਈ ਜੀ ਨੇ ਉਸੇ ਸਮੇਂ ਨਜੂਮੀ (ਜੋਤਸ਼ੀ) ਦਾ ਰੂਪ ਧਾਰਿਆ ਤੇ ਕਿਲ੍ਹੇ ਦੇ ਲਾਗੇ ਜਾ ਬੈਠੇ ।

ਸੌਂਧੇ ਖ਼ਾਨ ਜਦ ਕੋਲੋਂ ਲੰਘਿਆ ਤਾਂ ਭਾਈ ਬਿਧੀ ਚੰਦ ਜੀ ਨੇ ਉਸਦੇ ਦਿਲ ਦੀ ਗੱਲ ਦੱਸ ਦਿੱਤੀ । ਇਸ ਤੇ ਉਹ ਭਾਈ ਸਾਹਿਬ ਨੂੰ ਨਵਾਬ ਕੋਲ ਲੈ ਗਿਆ । ਭਾਈ ਸਾਹਿਬ ਜੀ ਨੇ ਪਹਿਲੇ ਘਾਹੀ ਦਾ ਨਾਂ, ਫਿਰ ਉਸ ਦਾ ਹੁਲੀਆ ਤੇ ਘੋੜਾ ਲੈ ਜਾਣ ਦੀ ਤਰਤੀਬ ਨਵਾਬ ਨੂੰ ਦੱਸ ਦਿੱਤੀ । ਭਾਈ ਸਾਹਿਬ ਜੀ ਨੇ ਨਵਾਬ ਨੂੰ ਕਿਹਾ ਕਿ ਇਸ ਸਮੇਂ ਇਹ ਦੱਸਣਾ ਜ਼ਰਾ ਔਖਾ ਹੈ ਕਿ ਘੋੜਾ ਕਿੱਥੇ ਹੈ, ਪਰ ਜੇ ਉਹੀ ਸਮਾਂ ਹੋਵੇ ਅਤੇ ਉਸੇ ਤਰ੍ਹਾਂ ਪਹਿਰੇਦਾਰ ਆਪਣੀਆਂ ਥਾਵਾਂ ਤੇ ਹੋਣ ਤਾਂ ਸੱਭ ਕੁਝ ਦੱਸਿਆ ਜਾ ਸਕਦਾ ਹੈ । ਰਾਤ ਨੂੰ ਉਹ ਹੀ ਸਮਾਂ ਆਉਣ ਉੱਤੇ ਪੂਰਾ ਸਾਂਗ ਉਤਾਰਿਆ ਗਿਆ । ਭਾਈ ਬਿਧੀ ਚੰਦ ਜੋਤਸ਼ੀ ਦੇ ਰੂਪ ਵਿੱਚ ਕਿਲ੍ਹੇ ਦੇ ਅੰਦਰ ਜਾ ਕੇ ਜੋਤਸ਼ੀਆਂ ਵਾਂਗ ਗਿਣਤੀਆਂ ਕਰਨ ਲਗੇ ਅਤੇ ਮੌਕਾ ਪਾ ਕੇ ਉਸੇ ਤਰੀਕੇ ਨਾਲ ਕਿਲ੍ਹੇ ਦੀ ਦੀਵਾਰ ਤੋਂ ਦਰਿਆ ਵਿੱਚ ਛਾਲ ਮਾਰ ਕੇ ਦੂਜਾ ਘੋੜਾ ਵੀ ਗੁਰੂ ਚਰਨਾਂ ਵਿੱਚ ਜਾ ਹਾਜ਼ਿਰ ਕੀਤਾ । ਉਹਨਾਂ ਦੀ ਇਸ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਛਾਤੀ ਨਾਲ ਲਗਾਇਆ ਤੇ ਫੁਰਮਾਇਆ :

**"ਬਿਧੀ ਚੰਦ ਛੀਨਾ ਗੁਰੂ ਕਾ ਸੀਨਾ"**

**ਯੁੱਧ** : ਅਨਾਇਤ ਉੱਲਾ ਨੇ ਲੱਲਾ ਬੇਗ, ਉਸਦੇ ਭਰਾ ਕਮਰ ਬੇਗ਼, ਮੁਗ਼ਲੀ ਬੇਗ਼ ਤੇ ਬਹਿਲੋਲ ਖ਼ਾਂ ਨੂੰ ਦਸ ਹਜ਼ਾਰ ਦੀ ਫ਼ੌਜ ਦੇ ਕੇ ਭੇਜਿਆ ਪਰ ਉਹਨਾਂ ਦਾ ਟਾਕਰਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਫ਼ੌਜਾਂ ਨਾਲ ਨਥਾਣੇ ਤੇ ਮਹਿਰਾਜ ਦੇ ਵਿਚਕਾਰ ਖੁਲ੍ਹੀ ਜੂਹ ਵਿੱਚ ਹੋਇਆ ਅਤੇ ਯੁੱਧ ਦੇ ਅਸਥਾਨ ਉੱਤੇ ਮੁਗ਼ਲਾਂ ਦੀ ਕਰਾਰੀ ਹਾਰ ਹੋਈ । ਸਤਿਗੁਰੂ ਜੀ ਨੇ ਯੁੱਧ ਅਸਥਾਨ ਤੇ ਇੱਕ ਸਰੋਵਰ "ਗੁਰੂਸਰ" ਤਿਆਰ ਕਰਵਾਇਆ ।

ਜੰਗ ਉਪਰੰਤ ਗੁਰੂ ਸਾਹਿਬ ਜੀ ਕਰਤਾਰਪੁਰ ਜਲੰਧਰ ਆ ਗਏ ਤੇ ਇੱਥੇ ਚੌਥੀ ਜੰਗ ਜੋ 26, 27, 28 ਅਪ੍ਰੈਲ ਸੰਨ 1635 ਈਸਵੀ ਨੂੰ ਹੋਈ, ਜਿਸ ਵਿੱਚ ਗੁਰੂ ਸਾਹਿਬ ਜੀ ਨੇ ਮੁਗ਼ਲਾਂ ਨੂੰ ਤਕੜੀ ਹਾਰ ਦਿੱਤੀ । ਇਸ ਉਪਰੰਤ ਗੁਰੂ ਸਾਹਿਬ ਜੀ ਨੇ ਪੱਕੇ ਤੌਰ ਤੇ ਕੀਰਤਪੁਰ ਸਾਹਿਬ ਆ ਟਿਕਾਣਾ ਕੀਤਾ । ਹੁਣ ਭਾਈ ਬਿਧੀ ਚੰਦ ਜੀ ਦੀ ਆਯੂ ਬਿਰਧ ਅਵਸਥਾ ਵੱਲ ਵੱਧ ਰਹੀ ਸੀ । ਉਸ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਹੁਤ ਘੱਟ ਸਨ ਤੇ ਸੈਂਚੀਆਂ ਵੀ ਨਹੀਂ ਮਿਲਦੀਆਂ ਸਨ ਅਤੇ ਗੁਰਬਾਣੀ ਪਠਨ-ਪਾਠਨ (ਪੜ੍ਹਨ) ਵਿੱਚ ਬਹੁਤ ਕਠਿਨਾਈ ਆਉਂਦੀ ਸੀ ਤਾਂ ਆਪ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਬੇਨਤੀ ਕਰਕੇ ਸੈਂਚੀਆਂ ਦੇ ਉਤਾਰੇ ਦੀ ਸੇਵਾ ਆਪਣੇ ਜ਼ਿੰਮੇ ਲੈ ਲਈ ।

**ਕੀਰਤਪੁਰ** : ਬੁੱਢਣ ਸ਼ਾਹ ਦਾ ਚੇਲਾ ਸੁੰਦਰਸ਼ਾਹ ਅਯੁਧਿਆ ਤੋਂ ਕੀਰਤਪੁਰ ਸਾਹਿਬ ਆਇਆ । ਸੁੰਦਰਸ਼ਾਹ ਦੀ ਇਸ ਰਾਮ ਚੰਦਰ ਦੀ ਨਗਰੀ (ਅਯੁਧਿਆ) ਵਿੱਚ ਬਹੁਤ ਮਾਨਤਾ ਸੀ । ਉਸ ਨੇ ਜਦ ਕੀਰਤਪੁਰ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਚਾਰ, ਰਹਿਣੀ-ਬਹਿਣੀ ਤੇ ਸਿੱਖੀ ਜੀਵਨ ਦੇਖਿਆ ਤਾਂ ਸਿੱਖੀ ਪ੍ਰਚਾਰ ਲਈ ਆਪਣੇ ਆਪ ਨੂੰ ਪੇਸ਼ ਕਰ ਦਿੱਤਾ । ਅਯੁਧਿਆ ਵਿੱਚ ਸ੍ਰੀ ਰਾਮ ਚੰਦਰ ਜੀ ਦੇ ਭਗਤਾਂ ਦਾ ਬਹੁਤ ਜ਼ੋਰ ਸੀ, ਇਸ ਲਈ ਸੁੰਦਰਸ਼ਾਹ ਦੇ ਕਹਿਣ ਤੇ ਭਾਈ ਬਿਧੀ ਚੰਦ ਜੀ ਨੂੰ ਗੁਰੂ ਸਾਹਿਬ ਜੀ ਨੇ ਸਿੱਖੀ ਪ੍ਰਚਾਰ ਹਿੱਤ ਅਯੁਧਿਆ ਭੇਜ ਦਿੱਤਾ ।

ਇਸ ਤਰ੍ਹਾਂ ਭਾਈ ਬਿਧੀ ਚੰਦ ਜੀ ਦਾ ਹਰ ਕਰਮ ਜਿੱਥੇ ਜੁਰਅਤਿ ਦੀਆਂ ਹੱਦਾਂ ਟਪਦਾ ਸੀ, ਉੱਥੇ ਉਹਨਾਂ ਦਾ ਗੁਰਬਾਣੀ ਪ੍ਰੇਮ ਵੀ ਦੇਖਣ ਵਾਲਾ ਸੀ । ਆਪ ਜੀ ਜਦ ਵੀ ਕਿਸੇ ਕਾਰਜ ਲਈ ਟੁਰਦੇ ਤਾਂ ਗੁਰੂ ਸਾਹਿਬ ਜੀ ਧਿਆਉਂਦੇ ਹੋਏ ਰਾਹ ਵਿੱਚ ਗੁਰਬਾਣੀ ਹੀ ਪੜ੍ਹਦੇ ਜਾਂਦੇ । ਇੰਝ ਭਾਈ ਬਿਧੀ ਚੰਦ ਜੀ ਨੇ ਆਪਣਾ ਸਾਰਾ ਜੀਵਨ ਸਿੱਖ ਸੰਗਤਾਂ ਦੀ ਸੇਵਾ ਵਿੱਚ ਬਿਤਾ ਦਿੱਤਾ । ਭਾਈ ਸਾਹਿਬ ਜੀ 15 ਅਗਸਤ ਸੰਨ 1638 ਈਸਵੀ ਨੂੰ ਅਯੁਧਿਆ ਵਿਖੇ ਗੁਰਪੁਰੀ ਸਿਧਾਰ ਗਏ । ਭਾਈ ਸਾਹਿਬ ਜੀ ਦਾ ਜੀਵਨ ਇਸ ਗੱਲ ਦੀ ਮਿਸਾਲ ਹੈ ਕਿ ਸੱਚਾ ਗੁਰੂ ਮੰਦ-ਕਰਮੀ ਬੰਦੇ ਦਾ ਜੀਵਨ ਵੀ ਪਲਟ ਕੇ ਉਸਨੂੰ ਇੱਕ ਚੰਗਾ ਇਨਸਾਨ ਬਣਾ ਦਿੰਦਾ ਹੈ ।

**********

# ਬੀਬੀ ਭਾਨੀ ਜੀ

ਗੁਰੂ ਘਰ ਨਾਲ ਸੰਬੰਧਿਤ ਸਾਰੀਆਂ ਔਰਤ ਸ਼ਖ਼ਸੀਅਤਾਂ ਨੇ ਸਿੱਖ ਧਰਮ ਦੇ ਪ੍ਰਚਾਰ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ । ਮਾਤਾ ਤ੍ਰਿਪਤਾ ਜੀ ਤੋਂ ਲੈ ਕੇ ਮਾਤਾ ਸਾਹਿਬ ਕੌਰ ਜੀ ਤਕ ਸਿੱਖ ਧਰਮ ਕਈ ਤਰ੍ਹਾਂ ਦੇ ਔਖੇ-ਸੌਖੇ ਰਸਤਿਆਂ ਵਿੱਚੋਂ ਲੰਘਿਆ, ਪਰ ਫਿਰ ਵੀ ਕਦੀ ਮਾਂ ਬਣ ਕੇ, ਕਦੀ ਭੈਣ ਬਣ ਕੇ, ਕਦੀ ਪਤਨੀ ਬਣ ਕੇ ਅਤੇ ਕਦੀ ਬੇਟੀ ਦੇ ਰੂਪ ਵਿੱਚ ਇਹ ਗੁਰੂ ਸੁਆਰੀਆਂ ਸ਼ਖ਼ਸੀਅਤਾਂ ਗੁਰੂ ਸਾਹਿਬਾਨ ਦੇ ਫ਼ੈਸਲਿਆਂ ਨੂੰ ਦ੍ਰਿੜਤਾ ਨਾਲ ਅਮਲੀ ਜਾਮਾ ਪਹਿਨਾਉਂਦੀਆਂ ਰਹੀਆਂ । ਪਰ ਗੁਰੂ ਘਰ ਦੀ ਨੀਂਹ ਪੱਕੀ ਕਰਨ ਲਈ ਬੀਬੀ ਭਾਨੀ ਜੀ ਨੇ ਸਪੁੱਤਰੀ, ਸੁਪਤਨੀ ਅਤੇ ਮਾਂ ਦੇ ਰੂਪ ਵਿੱਚ ਜੋ ਰੋਲ ਨਿਭਾਇਆ ਹੈ, ਉਹ ਆਪਣੇ ਆਪ ਵਿੱਚ ਇੱਕ ਅਦੁੱਤੀ ਮਿਸਾਲ ਹੈ ।

ਬੀਬੀ ਭਾਨੀ ਜੀ ਗੁਰੂ ਘਰ ਦੀ ਉਹ ਇਤਿਹਾਸਿਕ ਸ਼ਖ਼ਸੀਅਤ ਹਨ, ਜੋ ਸਦਾ ਹੀ ਅਕਾਲ ਪੁਰਖ ਦੇ ਭਾਣੇ ਵਿੱਚ ਰਾਜ਼ੀ ਰਹਿੰਦੇ ਸਨ । ਭਾਣੇ ਤੋਂ ਭਾਵ, ਅਸੀਂ ਸੰਸਾਰੀ ਲੋਕ ਆਮ ਤੌਰ ਦੇ ਦੁਖਦਾਇਕ ਘਟਨਾ ਤੋਂ ਲੈਂਦੇ ਹਾਂ, ਐਸਾ ਸੋਚਣਾ ਗ਼ਲਤ ਹੈ । ਗੁਰੂ ਦੇ ਸੇਵਕ ਤਾਂ ਵਾਹਿਗੁਰੂ ਭਾਣੇ ਵਿੱਚ ਰਹਿ ਕੇ ਸੁੱਖ ਤੇ ਦੁੱਖ ਦੋਵਾਂ ਨੂੰ ਬਰਾਬਰ ਕਰਕੇ ਮੰਨਦੇ ਹਨ । ਉਹ ਨਾ ਤਾਂ ਖੁਸ਼ੀ ਵਿੱਚ ਆਪੇ ਤੋਂ ਬਾਹਰ ਹੁੰਦੇ ਹਨ ਅਤੇ ਨਾ ਹੀ ਦੁੱਖ ਵਿੱਚ ਨਿੰਮੋਝੂਣੇ ਤੇ ਉਦਾਸ ਹੋ ਕੇ ਵੈਣ ਪਾਉਣੇ ਸ਼ੁਰੂ ਕਰ ਦਿੰਦੇ ਹਨ । ਬੀਬੀ ਭਾਨੀ ਜੀ ਦਾ ਸਾਰੇ ਦਾ ਸਾਰਾ ਜੀਵਨ ਹੀ ਅਕਾਲ ਪੁਰਖ ਦੇ ਭਾਣੇ ਵਿੱਚ ਰਹਿਣ ਦੀ ਲਾਸਾਨੀ ਮਿਸਾਲ ਹੈ ।

ਗੁਰੂ ਘਰ ਦੀ ਸੇਵਾ ਕਰਦਿਆਂ ਗੁਰੂ ਪੁੱਤਰੀ, ਗੁਰੂ ਪਤਨੀ ਅਤੇ ਗੁਰੂ ਮਾਤਾ ਹੋਣ ਦੇ ਨਾਤੇ ਜਿੱਥੇ ਆਪ ਜੀ ਨੇ ਅਸੀਮ ਸੁੱਖ ਮਾਣੇ ਅਤੇ ਮਾਨਸਿਕ ਤ੍ਰਿਪਤੀ ਹਾਸਿਲ ਕੀਤੀ, ਉੱਥੇ ਗੁਰੂ ਪੁੱਤਰਾਂ ਦੀ ਆਪਸੀ ਫੁੱਟ ਵਰਗਾ ਅਕਹਿ ਦੁੱਖ ਵੀ ਦੇਖਣਾ ਦੇ ਸਹਿਣਾ ਪਿਆ, ਪਰ ਆਪ ਜੀ ਹਰ ਕਿਸਮ ਦੇ ਹਾਲਾਤ ਵਿੱਚ ਚੱਟਾਨ ਦੀ ਤਰ੍ਹਾਂ ਅਡੋਲ ਰਹਿ ਕੇ ਨਾਮ-ਸਿਮਰਨ ਦੀ ਕਮਾਈ ਕਰਦੇ ਨਜ਼ਰ ਆਉਂਦੇ ਹਨ । ਬੀਬੀ ਭਾਨੀ ਜੀ ਨੂੰ ਜੋ ਮਾਣ ਇਤਿਹਾਸ ਵਿੱਚ ਪ੍ਰਾਪਤ ਹੈ, ਉਹ ਨਿਰਾ ਗੁਰੂ ਸਪੁੱਤਰੀ, ਗੁਰੂ ਪਤਨੀ ਅਤੇ ਗੁਰੂ ਮਾਂ ਕਰਕੇ ਹੀ ਨਹੀਂ, ਸਗੋਂ ਇਸ ਕਾਰਣ ਹੈ ਕਿ ਉਹ ਇੱਕ ਸੱਚੀ-ਸੁੱਚੀ ਜੀਵਨੀ ਜੀਉਣ ਵਾਲੀ ਔਰਤ ਸਨ, ਜਿਸ ਕਾਰਣ ਸਤਿਕਾਰ ਵੱਜੋਂ ਹਰ ਕਿਸੇ ਦਾ ਮਸਤਕ ਝੁੱਕ ਜਾਂਦਾ ਸੀ ।

ਬੀਬੀ ਭਾਨੀ ਜੀ ਦਾ ਜਨਮ 19 ਜਨਵਰੀ ਸੰਨ 1535 ਈਸਵੀ ਨੂੰ ਪਿੰਡ 'ਬਾਸਰਕੇ' ਵਿਖੇ ਹੋਇਆ । ਬੀਬੀ ਭਾਨੀ ਜੀ, ਗੁਰੂ ਅਮਰਦਾਸ ਸਾਹਿਬ ਜੀ ਦੀ ਸੱਭ ਤੋਂ ਛੋਟੀ ਸੰਤਾਨ ਸਨ । ਆਪ ਜੀ ਦੀ ਵੱਡੀ ਭੈਣ ਬੀਬੀ ਦਾਨੀ ਜੀ ਅਤੇ ਦੋ ਵੀਰ ਬਾਬਾ ਮੋਹਣ ਜੀ ਅਤੇ ਬਾਬਾ ਮੋਹਰੀ ਜੀ ਸਨ । ਪਰ ਬੀਬੀ ਭਾਨੀ ਜੀ ਦਾ ਸੁਭਾਅ ਬਾਕੀ ਸਾਰਿਆਂ ਭੈਣ-ਭਰਾਵਾਂ ਤੋਂ ਬਿਲਕੁਲ ਅਲੱਗ ਸੀ । ਜੇ ਉਹਨਾਂ ਨੂੰ ਲੱਭਣਾ ਹੋਵੇ ਤਾਂ ਜਾਂ ਆਪ ਜੀ ਗੁਰੂ ਪਿਤਾ ਦੀ ਸੇਵਾ ਵਿੱਚ ਹੁੰਦੇ ਸਨ ਅਤੇ ਜਾਂ ਫਿਰ ਲੰਗਰ ਦੀ ਸੇਵਾ ਵਿੱਚ । ਹਰ ਕੰਮ ਪਿਤਾ ਜੀ ਦੀ ਆਗਿਆ ਅਨੁਸਾਰ ਕਰਦੇ । ਖੇਡਣ ਲਈ ਵੀ ਜਾਂਦੇ ਤਾਂ ਗੁਰੂ ਅਮਰਦਾਸ ਸਾਹਿਬ ਜੀ ਕੋਲੋਂ ਪੁੱਛ ਕੇ । ਜੋ ਗੁਰੂ ਜੀ ਆਖਦੇ, ਸਾਰੀਆਂ ਸਹੇਲੀਆਂ ਨੂੰ ਜਾ ਸੁਣਾਉਂਦੇ । ਆਪ ਜੀ ਆਪਣੀਆਂ ਸਹੇਲੀਆਂ ਨੂੰ ਆਖਦੇ ਸਨ ਕਿ ਹੱਸਣਾ-ਖੇਡਣਾ ਕੋਈ ਬੁਰੀ ਗੱਲ ਨਹੀਂ, ਪਰ ਇਸ ਵਿੱਚ ਇਤਨਾ ਵੀ ਨਹੀਂ ਖਚਿਤ ਹੋਣਾ ਚਾਹੀਦਾ, ਕਿ ਮਾਲਕ ਪ੍ਰਭੂ ਦੀ ਯਾਦ ਹੀ ਭੁੱਲ ਜਾਵੇ ।

ਆਪ ਜੀ ਦੀ ਵੱਡੀ ਭੈਣ ਬੀਬੀ ਦਾਨੀ ਦਾ ਵਿਆਹ ਭਾਈ ਰਾਮਾ ਜੀ ਨਾਲ ਹੋਇਆ ਸੀ । ਗੁਰੂ ਅਮਰਦਾਸ ਸਾਹਿਬ ਜੀ ਦੇ ਮਹਿਲ ਮਾਤਾ ਰਾਮ ਕੌਰ ਜੀ ਦੇ ਕਹਿਣ ਤੇ ਕਿ ਬੀਬੀ ਭਾਨੀ ਜੀ ਦਾ ਵਰ ਭਾਈ ਜੇਠਾ ਜੀ (ਗੁਰੂ ਰਾਮਦਾਸ ਸਾਹਿਬ ਜੀ) ਵਰਗਾ ਲੱਭਿਆ ਜਾਵੇ ਤਾਂ ਗੁਰੂ ਅਮਰਦਾਸ ਸਾਹਿਬ ਜੀ ਨੇ ਫੁਰਮਾਇਆ ਸੀ ਕਿ ਉਸ ਵਰਗਾ ਤਾਂ ਫਿਰ ਉਹੀ ਹੈ ।

ਗੁਰੂ ਅਮਰਦਾਸ ਸਾਹਿਬ ਜੀ ਦੀ ਇੱਥੇ ਆਪਣੇ ਬੱਚਿਆਂ ਲਈ ਰਿਸ਼ਤੇ ਦੀ ਇਹ ਚੋਣ ਵੀ ਸਾਨੂੰ ਸੰਸਾਰੀਆਂ ਨੂੰ ਬਹੁਤ ਕੁਝ ਸਿਖਾ ਜਾਂਦੀ ਹੈ । ਪੁੱਤਰੀ ਦੇ ਸਾਧੂ ਅਤੇ ਸੇਵਾ ਭਾਵ ਵਾਲੇ ਸੁਭਾਅ ਨੂੰ ਦੇਖਦਿਆਂ ਹੀ ਆਪ ਜੀ ਨੇ ਅਨਾਥ ਅਤੇ ਘੁੰਗਣੀਆਂ ਵੇਚਣ ਵਾਲੇ ਭਾਈ ਜੇਠਾ ਜੀ ਦੀ ਚੋਣ ਵੀ ਖੁਸ਼ੀ ਨਾਲ ਕਰ ਲਈ, ਹਾਲਾਂ ਕਿ ਗੁਰੂ ਪੁੱਤਰੀ ਹੋਣ ਦੇ ਨਾਤੇ ਬੀਬੀ ਭਾਨੀ ਜੀ ਨੂੰ ਸੰਸਾਰਕ ਤੌਰ ਤੇ ਚੰਗੇ ਤੋਂ ਚੰਗਾ ਅਤੇ ਅਮੀਰ ਤੋਂ ਅਮੀਰ ਰਿਸ਼ਤਾ ਵੀ ਮਿਲ ਸਕਦਾ ਸੀ । ਪਰ ਗੁਰੂ ਸਾਹਿਬ ਜੀ ਜਾਣਦੇ ਸਨ ਕਿ ਭਾਈ ਜੇਠਾ ਜੀ ਅਤੇ ਬੀਬੀ ਭਾਨੀ ਜੀ ਦੇ ਸੁਭਾਵਕ ਗੁਣਾਂ ਦਾ ਮੇਲ ਗੁਰੂ ਘਰ ਲਈ ਜ਼ਿਆਦਾ ਵੱਡੀ ਪ੍ਰਾਪਤੀ ਸੀ, ਨਾ ਕਿ ਕੋਈ ਵੱਡਾ ਰਿਸ਼ਤਾ, ਕਿਉਂਕਿ ਭਾਈ ਜੇਠਾ ਜੀ ਧਰਮ ਦੀ ਕਿਰਤ-ਕਮਾਈ ਕਰਦੇ ਸਨ ਅਤੇ ਸਿੱਖੀ ਤੇ ਧਾਰਮਿਕ ਜੀਵਨ ਵਿੱਚ ਪ੍ਰਬੀਨ (ਸਮਝਦਾਰ) ਸਨ । ਉਹ ਗੁਰੂ ਘਰ ਦੀ ਸੇਵਾ ਵਿੱਚ ਦਿਨ-ਰਾਤ ਰੁੱਝੇ ਹੋਏ ਸਨ । ਬੀਬੀ ਭਾਨੀ ਜੀ ਨਾਲ ਭਾਈ

ਜੇਠਾ ਜੀ ਦਾ ਵਿਆਹ 18 ਫਰਵਰੀ ਸੰਨ 1554 ਈਸਵੀ ਨੂੰ ਹੋਇਆ ।

ਭਾਵੇਂ ਗੁਰੂ ਅਮਰਦਾਸ ਸਾਹਿਬ ਜੀ ਦੇ ਦੋਵੇਂ ਜਵਾਈ ਹੀ ਗੁਰੂ ਘਰ ਵਿੱਚ ਅਤੁੱਟ ਸ਼ਰਧਾ ਰਖਦੇ ਸਨ, ਪਰ ਭਾਈ ਜੇਠਾ ਜੀ ਸਿਦਕ, ਹੁਕਮ-ਪਾਲਣ ਅਤੇ ਸੇਵਾ ਵਿੱਚ ਬਹੁਤ ਉੱਚੀ ਬਿਰਤੀ ਵਾਲੇ ਸਨ । ਜੇ ਭਾਈ ਜੇਠਾ ਜੀ ਸੰਗਤ ਦੀ ਸੇਵਾ ਵਿੱਚ ਜੁਟੇ ਰਹਿੰਦੇ ਤਾਂ ਬੀਬੀ ਭਾਨੀ ਜੀ ਵੀ ਪਿਤਾ ਜੀ ਨੂੰ ਪਰਮੇਸ਼ਰ ਰੂਪ ਜਾਣ ਕੇ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਆਦਿ ਕਰਵਾਉਂਦੇ । ਇਤਿਹਾਸਿਕ ਤੱਥ ਹੈ ਕਿ ਬੀਬੀ ਭਾਨੀ ਜੀ ਨੇ ਬੇਟੀ ਦੀ ਤਰ੍ਹਾਂ ਹੀ ਨਹੀਂ ਬਲਕਿ ਇੱਕ ਪੂਰਨ ਤੌਰ ਤੇ ਸਮਰਪਿਤ ਸਿੱਖ ਦੀ ਤਰ੍ਹਾਂ ਸੇਵਾ ਕੀਤੀ ਅਤੇ ਭਾਈ ਜੇਠਾ ਜੀ ਨੇ ਕਦੀ ਆਪਣੇ ਜਵਾਈਪੁਣੇ ਦਾ ਮਾਣ ਨਹੀਂ ਦਿਖਾਇਆ । ਸਦਾ ਨਿਮਰਤਾ ਭਰਪੂਰ ਸਿੱਖ ਹੀ ਬਣੇ ਰਹੇ । ਦੋਵੇਂ ਜੀਅ ਮਨ ਨੂੰ ਦ੍ਰਿੜ ਕਰਕੇ, ਸਰੀਰ ਸੇਵਾ ਵਿੱਚ ਅਤੇ ਸੁਰਤਿ ਸਿਮਰਨ ਵਿੱਚ ਟਿਕਾਈ ਰੱਖਦੇ । ਉਪਰੋਕਤ ਗੁਣ ਹੀ ਸਨ ਜਿਹਨਾਂ ਕਾਰਣ ਭਾਈ ਜੇਠਾ ਜੀ ਗੁਰਗੱਦੀ ਦੇ ਵਾਰਸ ਬਣੇ ਅਤੇ ਬੀਬੀ ਭਾਨੀ ਜੀ ਗੁਰੂ ਪੁੱਤਰੀ ਤੋਂ ਵੱਧ ਕੇ ਗੁਰੂ ਪਤਨੀ ਵੀ ਹੋ ਗਏ ।

ਬੀਬੀ ਭਾਨੀ ਜੀ ਇਕਾਂਤ ਪਸੰਦ ਸਨ । ਆਪ ਜੀ ਅੰਮ੍ਰਿਤ ਵੇਲੇ ਨਿੱਤ ਕ੍ਰਿਆ ਤੋਂ ਵਿਹਲੇ ਹੋ ਕੇ ਸ਼ਬਦ ਗਾਇਨ ਕਰਦੇ ਰਹਿੰਦੇ ਸਨ । ਆਪ ਜੀ ਸਦਾ ਸਾਦੇ ਬਸਤਰ ਹੀ ਪਹਿਨਦੇ ਸਨ । ਕਦੀ ਕੋਈ ਗਹਿਣਾ ਸਰੀਰ ਨਾਲ ਛੁਹਾਇਆ ਵੀ ਨਹੀਂ ਅਤੇ ਨਾ ਹੀ ਆਪ ਜੀ ਦੀ ਕਦੀ ਐਸੀ ਇੱਛਾ ਹੁੰਦੀ ਸੀ । ਇੱਕ ਵਾਰ ਇੱਕ ਸਿੱਖ ਨੇ ਆਪ ਜੀ ਨੂੰ ਗੁਰੂ ਪੁੱਤਰੀ ਜਾਣ ਕੇ ਰੇਸ਼ਮੀ ਬਸਤਰ ਅਤੇ ਗਹਿਣੇ ਇਹ ਕਹਿ ਕੇ ਦੇਣੇ ਚਾਹੇ ਕਿ ਨਵ-ਵਿਆਹੀ ਬੇਟੀ ਨੂੰ ਸਾਦੇ ਕਪੜੇ ਸ਼ੋਭਦੇ ਨਹੀਂ ਤਾਂ ਉਸ ਸਮੇਂ ਬੀਬੀ ਭਾਨੀ ਜੀ ਨੇ ਉਹ ਤੋਹਫ਼ੇ ਪ੍ਰਵਾਨ ਨਹੀਂ ਕੀਤੇ ਅਤੇ ਸਾਦੇ ਜੀਵਨ ਨੂੰ ਹੀ ਠੀਕ ਦਰਸਾਇਆ ।

ਜਦੋਂ ਆਪ ਜੀ ਦੇ ਵੱਡੇ ਪੁੱਤਰ ਪ੍ਰਿਥੀਚੰਦ ਦੇ ਹਿਰਦੇ ਵਿੱਚ ਗੁਰਗੱਦੀ ਨਾ ਮਿਲਣ ਕਰਕੇ ਈਰਖਾ ਦੀ ਅੱਗ ਤਿੱਖੀ ਹੋ ਗਈ ਅਤੇ ਉਸ ਨੇ ਗੁਰੂ ਘਰ ਨੂੰ ਨੀਵਾਂ ਦਿਖਾਉਣ ਲਈ ਅਜਿਹੀ ਚਾਲ ਚਲੀ ਕਿ ਲੰਗਰ ਦਾ ਰਾਸ਼ਨ-ਪਾਣੀ ਥੁੜਣ ਲੱਗਾ ਤਾਂ ਵੀ ਆਪ ਜੀ ਨੇ ਅਡੋਲ ਰਹਿ ਕੇ ਆਪਣੀ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਇਆ । ਸਮੁੱਚੀ ਮਾਂ ਦੇ ਤੌਰ ਤੇ ਆਪ ਜੀ ਜਦ ਕਦੇ ਵੀ ਬੱਚਿਆਂ ਨੂੰ ਅਸੀਸ ਦਿੰਦੇ ਤਾਂ ਉਮਰ ਵੱਡੀ ਹੋਣ ਜਾਂ ਹੋਰ ਸੰਸਾਰਕ ਸੁੱਖਾਂ ਦੇ ਮਿਲਣ ਦੀ ਨਹੀਂ ਸਗੋਂ ਨਾਮ-ਸਿਮਰਨ ਅਤੇ ਸੇਵਾ ਦੀ ਹੀ ਅਸੀਸ ਦਿੰਦੇ । ਜੇ ਅੱਜ ਵੀ ਹਰ ਮਾਂ, ਬੀਬੀ ਭਾਨੀ ਜੀ ਵਾਂਗ ਆਪਣੇ ਬੱਚੇ ਨੂੰ ਗੋਦੀ ਵਿਚ ਲੈ ਕੇ ਇਸੇ ਤਰ੍ਹਾਂ ਦੀਆਂ ਅਸੀਸਾਂ ਦੇਵੇ ਤਾਂ ਸ਼ਾਇਦ ਹੀ ਕੋਈ ਬੱਚਾ ਐਸਾ ਹੋਵੇਗਾ ਜਿਸ ਨੂੰ ਸੇਵਾ-ਸਿਮਰਨ ਦੇ ਅਰਥ ਸਮਝਾਉਣੇ ਪੈਣ । ਇਹ ਗੁਣ ਤਾਂ ਉਸ ਬੱਚੇ ਨੂੰ ਵਿਰਾਸਤ ਵਿੱਚ ਹੀ ਮਿਲ ਜਾਣਗੇ । ਜੇਕਰ ਗੁੜ੍ਹਤੀ ਹੀ ਸੇਵਾ-ਸਿਮਰਨ ਦੀ ਦਿੱਤੀ ਜਾਵੇ ਤਾਂ ਅੱਜ ਦਾ ਨੌਜੁਆਨ ਇੰਝ ਭਟਕਦਾ ਨਾ ਫਿਰੇ ।

ਗੁਰੂ ਰਾਮਦਾਸ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਬੀਬੀ ਭਾਨੀ ਜੀ ਤਰਨ ਤਾਰਨ ਵਿੱਚ ਟਿਕ ਕੇ ਕੋੜ੍ਹੀਆਂ ਦੀ ਸੇਵਾ ਕਰਦੇ ਰਹੇ, ਜਿੱਥੇ ਆਪ ਜੀ 9 ਅਪ੍ਰੈਲ ਸੰਨ 1598 ਈਸਵੀ ਨੂੰ ਗੁਰਪੁਰੀ ਜਾ ਬਿਰਾਜੇ । ਬੀਬੀ ਭਾਨੀ ਜੀ ਗਹਿਰ-ਗੰਭੀਰ, ਸੁਭਾਵਿਕ ਠਹਿਰਾਓ ਵਾਲੇ, ਸਦਾ ਸ਼ਾਂਤ-ਚਿੱਤ, ਨਿਮਰਤਾ ਅਤੇ ਪਿਆਰ ਦੇ ਪੁੰਜ, ਤੇਜ਼ ਬੁੱਧੀ ਦੇ ਮਾਲਕ ਅਤੇ ਸੇਵਾ ਭਾਵ ਵਾਲੀ ਲਾਸਾਨੀ ਸ਼ਖ਼ਸੀਅਤ ਹੋ ਗੁਜ਼ਰੇ । ਆਪ ਜੀ ਦਾ ਜੀਵਨ ਅੱਜ-ਕੱਲ੍ਹ ਦੀਆਂ ਮਾਵਾਂ, ਭੈਣਾਂ, ਪਤਨੀਆਂ ਅਤੇ ਬੇਟੀਆਂ ਨੂੰ ਮਾਰਗ-ਦਰਸ਼ਨ ਦਿੰਦਾ ਹੋਇਆ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ, ਜਿੱਥੇ ਸਿੱਧਾ-ਸਾਦਾ ਜੀਵਨ ਬਤੀਤ ਕਰਦੇ ਹੋਏ ਸੇਵਾ-ਭਾਵਨਾ ਦੇ ਰਾਹ ‘ਤੇ ਚਲਦੇ ਹੋਏ ਜੀਵਨ ਦੇ ਹਰ ਮੋੜ ਤੇ ਪਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਹੈ, ਉੱਥੇ ਆਪਣੇ ਪਰਿਵਾਰ, ਸਮਾਜ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਕੰਮ ਕਰਦੇ ਰਹਿਣਾ ਔਰਤ ਦਾ ਅਸਲੀ ਧਰਮ ਹੈ ।

# ਮੋਰਚਾ ਗੰਗਸਰ ਜੈਤੋ

ਗੰਗਸਰ ਦਾ ਇਤਿਹਾਸਿਕ ਗੁਰਦੁਆਰਾ ਜੈਤੋ ਮੰਡੀ ਦੇ ਨੇੜੇ ਹੈ । ਜਿਸ ਸਮੇਂ ਇੱਥੇ ਮੋਰਚਾ ਲਗਾ ਸੀ, ਉਸ ਵੇਲੇ ਇਹ ਨਾਭਾ ਰਿਆਸਤ ਵਿੱਚ ਸੀ, ਜਿਸਦਾ ਰਾਜ-ਭਾਗ ਟਿੱਕਾ ਰਿਪੁਦਮਨ ਸਿੰਘ ਕੋਲ ਸੀ । ਟਿੱਕਾ ਰਿਪੁਦਮਨ ਸਿੰਘ ਸਿੱਖਾਂ ਵਿੱਚ ਹਰਮਨ-ਪਿਆਰਾ ਸੀ । ਅੰਗਰੇਜ਼ ਸਰਕਾਰ ਨੇ ਇੱਕ ਚਾਲ ਚਲ ਕੇ ਟਿੱਕਾ ਰਿਪੁਦਮਨ ਸਿੰਘ ਨੂੰ ਰਾਜ-ਗੱਦੀ ਤੋਂ ਲਾਹ ਦਿੱਤਾ । ਅੰਗਰੇਜ਼ਾਂ ਦੇ ਇਸ ਧੱਕੇ ਨੇ ਸਿੱਖਾਂ ਅਤੇ ਭਾਰਤ ਦੇ ਹੋਰ ਰਾਜਸੀ ਨੇਤਾਵਾਂ ਨੂੰ ਵੀ ਟਿੱਕਾ ਰਿਪੁਦਮਨ ਸਿੰਘ ਦਾ ਹਮਦਰਦ ਬਣਾ ਦਿੱਤਾ ।

ਸ਼੍ਰੋਮਣੀ ਕਮੇਟੀ ਨੇ ਸਮੂਹ ਸਿੱਖ ਸੰਗਤਾਂ ਨੂੰ ਕਿਹਾ ਕਿ ਉਹ ਹਰ ਥਾਂ 8 ਸਤੰਬਰ ਸੰਨ 1923 ਈਸਵੀ ਨੂੰ 'ਨਾਭਾ ਡੇ' ਮਨਾਉਣ ਤੇ ਜਲੂਸ ਕੱਢਣ ਅਤੇ ਮਹਾਰਾਜੇ ਨਾਲ ਹੋਈ ਬੇਇਨਸਾਫ਼ੀ ਦੂਰ ਕਰਨ ਲਈ ਅਕਾਲ ਪੁਰਖ ਅੱਗੇ ਅਰਦਾਸਾਂ ਕਰਨ । 14 ਸਤੰਬਰ ਨੂੰ ਜਦੋਂ ਗੰਗਸਰ ਦੇ ਗੁਰਦੁਆਰੇ ਅੰਦਰ ਅਖੰਡ ਪਾਠ ਚਲ ਰਿਹਾ ਸੀ ਤਾਂ ਅੰਗਰੇਜ਼ ਸਿਪਾਹੀਆਂ ਨੇ ਦੀਵਾਨ ਅੰਦਰ ਵੜ ਕੇ ਸੰਗਤਾਂ ਅਤੇ ਪਾਠ ਕਰ ਰਹੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਅਖੰਡ ਪਾਠ ਖੰਡਿਤ ਕਰ ਦਿੱਤਾ । ਸਿੱਖਾਂ ਲਈ ਅਖੰਡ ਪਾਠ ਦਾ ਖੰਡਿਤ ਕੀਤੇ ਜਾਣਾ ਸਿੱਖੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਸੀ । ਇਹ ਸਿੱਖਾਂ ਦੇ ਧਰਮ ਅਤੇ ਜਜ਼ਬਾਤਾਂ ਤੇ ਇੱਕ ਵੱਡੀ ਸੱਟ ਸੀ । ਸਿੱਖ ਇਸ ਨੂੰ ਸਹਾਰ ਨਾ ਸਕੇ ਅਤੇ ਉਹਨਾਂ ਵਿੱਚ ਰੋਸ ਤੇ ਜੋਸ਼ ਦੀ ਲਹਿਰ ਭੜਕ ਉਠੀ।

ਪੰਥ ਨੇ ਫ਼ੈਸਲਾ ਕੀਤਾ ਕਿ ਇੱਥੇ 101 ਅਖੰਡ ਪਾਠ ਕੀਤੇ ਜਾਣਗੇ, ਚਾਹੇ ਸਾਨੂੰ ਕਿਤਨੀ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ । 15 ਸਤੰਬਰ ਨੂੰ 25 ਸਿੰਘਾਂ ਦਾ ਪਹਿਲਾ ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਖੰਡ ਪਾਠ ਕਰਨ ਲਈ ਚਲਿਆ, ਜੋ ਗੰਗਸਰ ਪੁੱਜਣ ਤੇ ਗ੍ਰਿਫ਼ਤਾਰ ਕਰ ਲਿਆ ਗਿਆ । ਇਸ ਤਰ੍ਹਾਂ ਰੋਜ਼ ਅਕਾਲ ਤਖ਼ਤ ਸਾਹਿਬ ਤੋਂ 25 ਸਿੰਘਾਂ ਦਾ ਜੱਥਾ ਅਖੰਡ ਪਾਠ ਕਰਨ ਲਈ ਗੰਗਸਰ ਵੱਲ ਨੂੰ ਚਾਲੇ ਪਾਂਦਾ ਤੇ ਗ੍ਰਿਫ਼ਤਾਰ ਹੋ ਜਾਂਦਾ । ਇਸ ਤਰ੍ਹਾਂ 25 ਸਿੰਘ ਰੋਜ਼ ਭੇਜਣ ਨਾਲ ਕੋਈ ਸਿੱਟਾ ਨਾ ਨਿਕਲਦਾ ਵੇਖ ਕੇ 8 ਫਰਵਰੀ ਸੰਨ 1924 ਈਸਵੀ ਨੂੰ ਅਕਾਲ ਤਖ਼ਤ ਸਾਹਿਬ ਤੋਂ 500 ਸਿੰਘਾਂ ਦਾ ਇੱਕ ਸ਼ਹੀਦੀ ਜੱਥਾ ਗੰਗਸਰ ਨੂੰ ਚਲ ਪਿਆ । ਚੱਲਣ ਤੋਂ ਪਹਿਲਾਂ ਇਹਨਾਂ ਨੇ ਸ਼ਾਂਤ-ਮਈ ਰਹਿਣ ਦਾ ਪ੍ਰਣ ਲਿਆ ।

21 ਫਰਵਰੀ ਨੂੰ ਆਪਣੇ ਆਖ਼ਰੀ ਪੜਾਅ ਪਿੰਡ ਬਰਗੜੀ (ਜ਼ਿਲ੍ਹਾ ਫਰੀਦਕੋਟ) ਤੋਂ ਇਹ ਜੱਥਾ ਗੰਗਸਰ ਵੱਲ ਹੋ ਤੁਰਿਆ । ਜੱਥੇ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਹੋਰ ਸੰਗਤਾਂ ਵੀ ਸ਼ਾਮਲ ਹੋ ਗਈਆਂ । ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਗਜ਼ ਉਰੇ ਹੀ ਇੱਕ ਅੰਗਰੇਜ਼ ਅਫ਼ਸਰ ਨੇ ਜੱਥੇ ਨੂੰ ਰੁੱਕਣ ਵਾਸਤੇ ਕਿਹਾ, ਲੇਕਿਨ ਜੱਥਾ ਨਾ ਰੁਕਿਆ । ਜੱਥੇ ਦੇ ਨਾ ਰੁੱਕਣ ਤੇ ਅੰਗਰੇਜ਼ਾਂ ਨੇ ਉਸ ਉਪਰ ਤਿੰਨੋਂ ਪਾਸਿਓਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ । ਬਹੁਤ ਸਾਰੇ ਸਿੰਘ-ਸਿੰਘਣੀਆਂ ਫੱਟੜ ਤੇ ਸ਼ਹੀਦ ਹੋ ਗਏ । ਲੇਕਿਨ ਗੋਲੀਆਂ ਦੀ ਮਾਰ ਜੱਥੇ ਨੂੰ ਨਾ ਰੋਕ ਸਕੀ ਤੇ ਆਖ਼ਿਰ ਜੱਥਾ ਗੁਰਦੁਆਰਾ ਟਿੱਬੀ ਸਾਹਿਬ ਵਿਖੇ ਪਹੁੰਚ ਗਿਆ । ਜਦੋਂ ਬਾਕੀ ਬਚੀਆਂ ਹੋਈਆਂ ਸੰਗਤਾਂ ਗੁਰਦੁਆਰਾ ਟਿੱਬੀ ਸਾਹਿਬ ਤੋਂ ਗੰਗਸਰ ਵੱਲ ਨੂੰ ਤੁਰੀਆਂ ਤਾਂ ਘੋੜ-ਸਵਾਰ ਸਿਪਾਹੀਆਂ ਨੇ ਕੁਝ ਕੁ ਨੂੰ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ ਤੇ ਜੋ ਫੱਟੜ ਬਚ ਗਏ, ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ । ਇਸ ਘਟਨਾ ਵਿੱਚ ਲਗਭਗ 400 ਸਿੰਘ ਸ਼ਹੀਦ ਤੇ ਫੱਟੜ ਹੋ ਗਏ । ਇਸ ਦਰਦਨਾਕ ਘਟਨਾ ਨੇ ਸਿੰਘਾਂ ਦੇ ਜੋਸ਼ ਨੂੰ ਦੂਣਾ ਕਰ ਦਿੱਤਾ ਤੇ ਹਰ ਸਿੱਖ ਇਹ ਗਾਉਂਦਾ ਫਿਰਦਾ ਸੀ :-

**"ਨਾਭੇ ਨੂੰ ਜ਼ਰੂਰ ਜਾਵਾਂਗਾ ਭਾਵੇਂ ਸਿਰ ਕਟ ਜਾਵੇ ਮੇਰਾ ।"**

28 ਫਰਵਰੀ ਨੂੰ 500 ਸਿੰਘਾਂ ਦਾ ਦੂਜਾ ਜੱਥਾ ਅਕਾਲ ਤਖ਼ਤ ਤੋਂ ਗੰਗਸਰ ਵਾਸਤੇ ਚਲਿਆ ਅਤੇ 14 ਮਾਰਚ ਨੂੰ ਗੰਗਸਰ ਪੁੱਜਣ ਤੇ ਇਸ ਜੱਥੇ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ । ਕੈਦਖ਼ਾਨੇ ਵਿੱਚ ਗ੍ਰਿਫ਼ਤਾਰ ਸਿੰਘਾਂ ਨੂੰ ਬਹੁਤ ਤਸੀਹੇ ਦਿੱਤੇ ਗਏ ਲੇਕਿਨ ਇਤਨਾ ਜ਼ੁਲਮ ਵੀ ਸਿੰਘਾਂ ਦੇ ਜੋਸ਼ ਨੂੰ ਠੰਡਾ ਨਾ ਕਰ ਸਕਿਆ । ਇਸ ਤਰ੍ਹਾਂ ਅੰਮ੍ਰਿਤਸਰ ਤੋਂ 16 ਹੋਰ ਜੱਥੇ ਗੰਗਸਰ

ਲਈ ਰਵਾਨਾ ਹੋਏ । 18 ਫਰਵਰੀ ਸੰਨ 1924 ਈਸਵੀ ਤੋਂ ਲੈ ਕੇ ਅਪ੍ਰੈਲ ਸੰਨ 1925 ਈਸਵੀ ਤੱਕ ਪੰਜ-ਪੰਜ ਸੌ ਸਿੰਘਾਂ ਦੇ ਜੱਥੇ ਅੰਮ੍ਰਿਤਸਰ ਤੋਂ ਚਲ ਕੇ ਗੰਗਸਰ ਜੈਤੋ ਵਿਖੇ ਜਾ ਕੇ ਗ੍ਰਿਫ਼ਤਾਰੀ ਦਿੰਦੇ ਰਹੇ । 27 ਅਪ੍ਰੈਲ ਸੰਨ 1925 ਈਸਵੀ ਨੂੰ ਸਿੰਘਾਂ ਦੇ ਜੱਥੇ ਦੇ ਜੈਤੋ ਪੁੱਜਣ ਤੇ ਉਸ ਜੱਥੇ ਨੂੰ ਅਖੰਡ ਪਾਠ ਕਰਨ ਦੀ ਇਜ਼ਾਜਤ ਮਿਲ ਗਈ । ਇਉਂ ਇੱਕ ਸਾਲ ਤੇ ਅੱਠ ਮਹੀਨੇ ਦੀ ਲਗਾਤਾਰ ਅਣਥੱਕ ਘਾਲਣਾ ਦੇ ਬਾਅਦ ਸਿੱਖ, ਖੰਡਿਤ ਕੀਤੇ ਹੋਏ ਅਖੰਡ ਪਾਠ ਨੂੰ ਦੁਬਾਰਾ ਸ਼ੁਰੂ ਕਰਨ ਵਿੱਚ ਸਫ਼ਲ ਹੋ ਸਕੇ ਅਤੇ 101 ਪਾਠ ਕਰਨ ਦਾ ਆਪਣਾ ਪ੍ਰਣ ਪੂਰਾ ਕਰ ਸਕੇ ।

ਇਸ ਮੋਰਚੇ ਵਿੱਚ ਪਤਾ ਨਹੀਂ ਕਿਤਨੇ ਹੀ ਸਿੰਘ-ਸਿੰਘਣੀਆਂ ਸ਼ਹੀਦ ਹੋਏ ਤੇ ਕਿਤਨੇ ਹੀ ਅੰਗਹੀਣ ਹੋ ਕੇ ਸਦਾ ਲਈ ਨਕਾਰਾ ਹੋ ਗਏ, ਪਰ ਇਹ ਮੋਰਚਾ ਲਾ ਕੇ ਸਿੱਖਾਂ ਨੇ ਇਹ ਦੱਸ ਦਿੱਤਾ ਕਿ ਸਿੱਖ ਆਪਣੇ ਉੱਤੇ ਕਿਸੇ ਕਿਸਮ ਦੀ ਵੀ ਪਾਬੰਦੀ ਨਹੀਂ ਸਹਾਰ ਸਕਦੇ ਤੇ ਇਸ ਵਾਸਤੇ ਉਹ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਵੀ ਤਿਆਰ ਹਨ । ਸਿੱਖ ਕਦੇ ਵੀ ਆਪਣੇ ਗੁਰੂ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕਦੇ ।

ਗੰਗਸਰ ਜੈਤੋ ਦੇ ਮੋਰਚੇ ਤੋਂ ਪਿੱਛੋਂ ਅੰਗਰੇਜ਼ ਸਰਕਾਰ ਨੂੰ ਕੰਨ ਹੋ ਗਏ (ਸਮਝ ਪੈ ਗਈ) ਕਿ ਉਹ ਸਿੱਖਾਂ ਨੂੰ ਦੁਬੇਲ ਬਣਾ ਕੇ ਨਹੀਂ ਰੱਖ ਸਕਦੀ । ਸਿੱਖਾਂ ਨੂੰ ਧਾਰਮਿਕ ਆਜ਼ਾਦੀ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਿੱਖਾਂ ਦੇ ਹੱਥਾਂ ਵਿੱਚ ਦੇਣ ਨਾਲ ਹੀ ਮੋਰਚਿਆਂ ਤੋਂ ਛੁਟਕਾਰਾ ਪਾ ਸਕਦੀ ਹੈ । ਸੋ ਅੰਤ ਅੰਗਰੇਜ਼ ਸਰਕਾਰ ਨੇ ਸਿੱਖਾਂ ਦੀਆਂ ਦਿੱਤੀਆਂ ਅਣਗਿਣਤ ਕੁਰਬਾਨੀਆਂ ਤੋਂ ਯਰਕ ਕੇ ਗੁਰਦੁਆਰਾ ਕਾਨੂੰਨ ਬਣਾਉਣਾ ਮੰਨਿਆ ਅਤੇ ਮਹੰਤੀ ਪ੍ਰਬੰਧ ਹਟਾ ਕੇ ਗੁਰਦੁਆਰਾ ਪ੍ਰਬੰਧ ਸਿੱਖਾਂ ਦੀ ਚੁਣੀ ਹੋਈ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਦਿੱਤਾ । 2 ਫਰਵਰੀ ਸੰਨ 1925 ਈਸਵੀ ਨੂੰ ਗੰਗਸਰ ਜੈਤੋ ਵਿਖੇ ਪੁਲਿਸ ਨੇ ਬੇਤਹਾਸ਼ਾ ਬੇਰਹਿਮੀ ਨਾਲ ਗੋਲੀ ਚਲਾਈ ਸੀ, ਉਸ ਸ਼ਹੀਦੀ ਜੱਥੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖ਼ਾਲਸੇ ਪ੍ਰਤੀ ਜੋ ਅੰਤਿਮ ਦਰਦਨਾਕ ਸੰਦੇਸ਼ ਦਿੱਤਾ ਸੀ, ਉਹ ਇਸ ਤਰ੍ਹਾਂ ਅੰਕਿਤ ਹੈ :-

**ਸੁਣੋ ਖ਼ਾਲਸਾ ਜੀ ! ਸਾਡੇ ਕੂਚ ਡੇਰੇ, ਅਸੀਂ ਆਖਰੀ ਫ਼ਤਿਹ ਬੁਲਾ ਚਲੇ ।**
**ਪਾਊ ਬੀ ਤੇ ਸਾਂਭ ਕੇ ਫ਼ਸਲ ਵੱਢੋ, ਅਸੀਂ ਡੋਲ੍ਹ ਕੇ ਰੱਤ ਪਿਆ ਚਲੇ ।**
**ਚੋਬਦਾਰ ਦੇ ਵਾਂਗ ਆਵਾਜ਼ ਦੇ ਕੇ, ਧੌਂਸੇ ਕੂਚ ਦੇ ਅਸੀਂ ਵਜਾ ਚਲੇ ।**
**ਤੁਸੀਂ ਆਪਣੀ ਅਕਲ ਦਾ ਕੰਮ ਕਰਨਾ, ਅਸੀਂ ਆਪਣੀ ਤੋੜ ਨਿਭਾ ਚਲੇ ।**
**ਬੇੜਾ ਜ਼ੁਲਮ ਦਾ ਅੰਤ ਨੂੰ ਗ਼ਰਕ ਹੋਸੀ, ਹੰਝੂ ਖ਼ੂਨ ਦੇ ਅਸੀਂ ਵਹਾ ਚਲੇ ।**
**ਪੰਥ ਗੁਰੂ ਦਾ ਆਪ ਦਸ਼ਮੇਸ਼ ਰਾਖਾ, ਕੰਡੇ ਹੂੰਝ ਕੇ ਕਰ ਸਫ਼ਾ ਚਲੇ ।**
**ਅੰਗ ਸਾਕ, ਕਬੀਲੜਾ, ਬਾਲ ਬੱਚਾ, ਬਾਂਹ ਤੁਸਾਂ ਦੇ ਹੱਥ ਫੜਾ ਚਲੇ ।**
**ਨਦੀ ਨਾਵ ਸੰਜੋਗ ਦੇ ਹੋਣ ਮੇਲੇ, ਸਤਿ ਸ੍ਰੀ ਅਕਾਲ ਗਜਾ ਚਲੇ ।**

# ਪ੍ਰੋਫੈਸਰ ਸਾਹਿਬ ਸਿੰਘ ਜੀ

**ਜਨਮ ਤੇ ਰਿਹਾਇਸ਼** : ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਜਨਮ 16 ਫਰਵਰੀ ਸੰਨ 1892 ਈਸਵੀ ਨੂੰ ਪਿੰਡ ਫ਼ਤੇਵਾਲੀ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ । ਆਪ ਜੀ ਦੇ ਪਿਤਾ ਜੀ ਦਾ ਨਾਮ ਹੀਰਾ ਨੰਦ ਜੀ ਅਤੇ ਮਾਤਾ ਜੀ ਦਾ ਨਾਮ ਨਿਹਾਲ ਦੇਈ ਸੀ । ਹਿੰਦੂ ਘਰਾਣੇ ਦੇ ਵਿੱਚ ਆਪ ਜੀ ਦਾ ਜਨਮ ਹੋਇਆ ਅਤੇ ਆਪ ਜੀ ਦਾ ਪਹਿਲਾ ਨਾਮ ਨੱਥੂ ਰਾਮ ਸੀ । ਆਪ ਜੀ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਹੀ ਆਪ ਜੀ ਦੇ ਪਿਤਾ ਨੇ ਪਿੰਡ ਤੋਂ ਸੱਤ ਮੀਲ ਦੂਰ ‘ਥਰਪਾਲ’ ਵਿਖੇ ਹੱਟੀ ਪਾ ਲਈ ਅਤੇ ਰਿਹਾਇਸ਼ ਵੀ ਉੱਥੇ ਹੀ ਕਰ ਲਈ ।

**ਸੰਸਾਰਕ ਵਿਦਿਆ ਪੜ੍ਹਨ ਦਾ ਆਰੰਭ** : ਆਪ ਜੀ ਦੀ ਮੁੱਢਲੀ ਵਿਦਿਆ ਸਾਢੇ ਚਾਰ ਸਾਲ ਦੀ ਉਮਰ ਵਿੱਚ, 'ਮੀਆਂ ਹਯਾਤ ਸ਼ਾਹ' ਕੋਲ ਆਰੰਭ ਹੋਈ ਜੋ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਪ੍ਰਸਿੱਧ ਦਰਬਾਰੀ ਕਵੀ ਹਾਸ਼ਮ ਸ਼ਾਹ ਦਾ ਪੁੱਤਰ ਸੀ ਅਤੇ ਆਪ ਵੀ ਪੰਜਾਬੀ ਦਾ ਪ੍ਰਸਿੱਧ ਦਰਬਾਰੀ ਕਵੀ ਸੀ । ਇਸ ਤੋਂ ਬਾਅਦ ਆਪ ਜੀ ਨੇ ਰਈਏ ਤਹਿਸੀਲ ਦੇ ਪ੍ਰਾਇਮਰੀ ਸਕੂਲ ਤੋਂ ਸੰਨ 1902 ਈਸਵੀ ਵਿੱਚ ਪੰਜਵੀਂ ਜਮਾਤ ਪਾਸ ਕੀਤੀ ਅਤੇ ਸੰਨ 1905 ਈਸਵੀ ਵਿੱਚ ਮਿਡਲ ਕਲਾਸ ਵਰਨੈਕੂਲਰ ਮਿਡਲ ਸਕੂਲ ਤੋਂ ਪਾਸ ਕੀਤੀ ਜੋ ਕਿ ਥਰਪਾਲ ਤੋਂ ਪੰਜ ਮੀਲਾਂ ਦੀ ਵਿੱਥ ਤੇ ਪਿੰਡ ਗੋਤਾ ਫ਼ਤਿਹਗੜ੍ਹ ਸਾਹਿਬ ਵਿੱਚ ਸੀ । ਆਪ ਜੀ ਰਾਵਲਪਿੰਡੀ ਡਿਵੀਜ਼ਨ ਵਿੱਚ ਪਹਿਲੇ ਦਰਜੇ ਤੇ ਆਏ ਤੇ ਆਪ ਜੀ ਨੂੰ ਛੇ ਰੁਪਏ ਮਹੀਨਾ ਵਜ਼ੀਫਾ ਲੱਗ ਗਿਆ ।

**ਸਿੱਖੀ ਧਾਰਨ ਕਰਨ ਦੀ ਪ੍ਰੇਰਣਾ** : ਥਰਪਾਲ ਪਿੰਡ ਤੋਂ ਗੋਤਾ ਫ਼ਤਿਹਗੜ੍ਹ ਪਿੰਡ ਦੇ ਸਕੂਲ ਜਾਣ ਲੱਗਿਆਂ ਰਸਤੇ ਵਿੱਚ ਇੱਕ ਪਿੰਡ 'ਢੇਰ' ਪੈਂਦਾ ਸੀ, ਉਸ ਪਿੰਡ ਵਿੱਚ ਉਸ ਸਮੇਂ ਫ਼ੌਜੀ ਸਿੰਘ ਆਏ ਹੋਏ ਸਨ, ਜੋ ਹਿੰਦੂ ਅਤੇ ਮੁਸਲਮਾਨ ਫ਼ੌਜੀਆਂ ਨਾਲੋਂ ਵਧੀਕ ਸੁਹਣੇ ਅਤੇ ਜੁਆਨ ਲਗਦੇ ਸਨ, ਉਹਨਾਂ ਨੂੰ ਵੇਖ ਕੇ ਆਪ ਜੀ ਦੇ ਮਨ ਵਿੱਚ ਕੇਸ ਅਤੇ ਦਾੜ੍ਹਾ ਰੱਖਣ ਦਾ ਖ਼ਿਆਲ ਪੱਕਾ ਹੋ ਗਿਆ । ਕੇਸ ਰੱਖਣ ਦੇ ਫ਼ੁਰਨੇ ਨਾਲ ਹੀ ਆਪ ਜੀ ਨੇ ਆਪਣਾ ਨਾਮ ਨੱਥੂ ਰਾਮ ਤੋਂ ਬਦਲ ਕੇ ਸਾਹਿਬ ਸਿੰਘ ਰੱਖਣ ਬਾਰੇ ਸੋਚ ਲਿਆ । ਆਪ ਜੀ ਦੇ ਨਾਲ ਜਮਾਤ ਵਿੱਚ ਇੱਕ ਹੋਰ ਆਪ ਜੀ ਦਾ ਰਿਸ਼ਤੇਦਾਰ ਮੁੰਡਾ ਵੀ ਨਾਲ ਪੜ੍ਹਦਾ ਹੁੰਦਾ ਸੀ, ਜਿਸ ਦਾ ਨਾਮ ਤੁਲਸੀਰਾਮ ਸੀ । ਆਪ ਜੀ ਨੇ ਆਪਣੀ ਕੇਸ ਰੱਖਣ ਦੀ ਭਾਵਨਾ ਇਸ ਨਾਲ ਸਾਂਝੀ ਕੀਤੀ, ਜੋ ਇਸ ਨੂੰ ਵੀ ਬਹੁਤ ਪਸੰਦ ਆਈ ਅਤੇ ਤੁਲਸੀਰਾਮ ਨੇ ਵੀ ਆਪਣੇ ਮਨ ਵਿੱਚ ਕੇਸ ਰੱਖਣ ਦਾ ਫ਼ੈਸਲਾ ਕਰ ਕੇ ਆਪਣਾ ਨਾਮ ਜਗਜੋਧ ਸਿੰਘ ਰੱਖਣ ਦਾ ਵਿਚਾਰ ਬਣਾ ਲਿਆ ।

**ਵਿਆਹ** : ਜਦੋਂ ਆਪ ਜੀ ਅੱਠਵੀਂ ਦਾ ਇਮਤਿਹਾਨ ਦੇ ਕੇ ਘਰ ਵਾਪਸ ਆਏ ਤਾਂ ਆਪ ਜੀ ਦਾ ਵਿਆਹ 25 ਜਨਵਰੀ ਸੰਨ 1905 ਈਸਵੀ ਨੂੰ ਦੁਰਗਾ ਦੇਈ ਨਾਲ ਕਰ ਦਿੱਤਾ ਗਿਆ ।

**ਖੰਡੇ-ਬਾਟੇ ਦੀ ਪਾਹੁਲ ਛੱਕਣੀ** : ਮਿਡਲ ਪਾਸ ਕਰਨ ਤੋਂ ਬਾਅਦ ਪਿੰਡ ਥਰਪਾਲ ਤੋਂ 20 ਮੀਲ ਦੂਰ ਪਸਰੂਰ ਹਾਈ ਸਕੂਲ ਤੋਂ ਆਪ ਜੀ ਨੇ ਦਸਵੀਂ ਪਾਸ ਕਰ ਲਈ । ਇੱਥੇ ਜੂਨੀਅਰ ਸਪੈਸ਼ਲ ਤੇ ਸੀਨੀਅਰ ਸਪੈਸ਼ਲ ਦੋ ਕਲਾਸਾਂ ਸਨ, ਭਾਵੇਂ ਘਰ ਵਿੱਚ ਅਤਿ ਦਰਜੇ ਦੀ ਗ਼ਰੀਬੀ ਸੀ, ਪਰ ਫਿਰ ਵੀ ਪਿਤਾ ਜੀ ਨੇ ਹਰ ਤਰ੍ਹਾਂ ਦੀ ਤੰਗੀ ਸਹਿ ਕੇ ਵੀ ਆਪ ਜੀ ਨੂੰ ਹਾਈ ਸਕੂਲ ਭੇਜਿਆ । ਜੂਨੀਅਰ ਸਪੈਸ਼ਲ ਪਾਸ ਕਰਕੇ ਆਪ ਜੀ ਸੀਨੀਅਰ ਸਪੈਸ਼ਲ ਵਿੱਚ ਦਾਖ਼ਲ ਹੋਏ ਅਤੇ ਛੁਟੀਆਂ ਵਿੱਚ ਘਰ ਆਏ ਹੋਏ ਸਨ । ਇੱਥੇ ਹੀ ਇੱਕ ਦਿਨ ਦਰਵਾਜ਼ਾ ਖੜਕਣ ਤੇ ਆਪ ਜੀ ਨੇ ਅਵਾਜ਼ ਪਛਾਣ ਲਈ ਕਿ ਇਹ ਆਪ ਜੀ ਦੀ ਦਾਦੀ ਦੀ ਭੈਣ ਦਾ ਦੋਹਤਰਾ 'ਮਹਾਰਾਜ' ਸੀ, ਜੋ ਕਿ ਸਾਧੂਆਂ ਦੇ ਨਾਲ ਰੱਲ ਕੇ ਰੋਡ-ਮੋਡ ਹੋ ਕੇ ਘਰੋਂ ਚਲਾ ਗਿਆ ਸੀ । ਜਦੋਂ ਆਪ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਇੱਕ ਉੱਚਾ-ਲੰਮਾ ਸਿੰਘ, ਜਿਸ ਦੇ ਸਿਰ ਤੇ ਦਸਤਾਰ, ਭਰਵਾਂ ਦਾੜ੍ਹਾ, ਗਾਤਰੇ-ਕਿਰਪਾਨ ਅਤੇ ਬਹੁਤ ਪ੍ਰਭਾਵਸ਼ਾਲੀ ਸਰੂਪ ਦੇਖ ਕੇ ਆਪ ਹੈਰਾਨ ਰਹਿ ਗਏ ਤੇ ਪੁੱਛਿਆ ਕਿ ਤੁਸੀਂ 'ਮਹਾਰਾਜ' ਹੀ ਹੋ ਨਾ ? ਅੱਗੋਂ ਉਸ ਸਿੰਘ ਨੇ ਜੁਆਬ ਦਿੱਤਾ ਕਿ 'ਮਹਾਰਾਜ' ਹੁਣ ਮਰ ਗਿਆ ਹੈ ਤੇ ਮੈਂ ਹੁਣ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਿਆ ਹਾਂ ਅਤੇ ਮੇਰਾ ਨਾਮ ਹੁਣ ਧਰਮ ਸਿੰਘ ਹੈ । ਉਸ ਦੇ ਬਦਲੇ ਹੋਏ ਰੂਪ ਨੂੰ ਵੇਖ ਕੇ ਆਪ ਜੀ ਦਾ ਅੰਮ੍ਰਿਤ ਛੱਕਣ ਦਾ ਪੁਰਾਣਾ ਸੰਸਕਾਰ ਫਿਰ ਜਾਗ ਉੱਠਿਆ । ਪਸਰੂਰ ਤੋਂ ਸੱਤ ਮੀਲ ਤੇ ਇੱਕ ਮੁਸਲਮਾਨ ਫ਼ਕੀਰ ਗੁੱਲੂ ਸ਼ਾਹ ਦੇ ਮਕਬਰੇ ਤੇ ਲੱਗਣ ਵਾਲੇ ਸਾਲਾਨਾ ਮੇਲੇ ਤੇ ਪਿੰਡ ਕਲਾਸਵਾਲਾ ਦੀ ਸਿੰਘ ਸਭਾ ਵੱਲੋਂ ਦੀਵਾਨ ਸਮਾਗਮ ਕੀਤਾ ਜਾਂਦਾ ਸੀ ਤੇ ਇਸ ਸਮਾਗਮ ਸਮੇਂ ਅੰਮ੍ਰਿਤ ਸੰਚਾਰ ਵੀ ਕੀਤਾ ਜਾਂਦਾ ਸੀ । ਇਸ ਦੀਵਾਨ ਵਿੱਚ ਧਰਮ ਸਿੰਘ ਜੀ ਨੇ ਆਪ ਨੂੰ ਤੇ ਆਪਦੇ ਰਿਸ਼ਤੇਦਾਰ ਮਿੱਤਰ ਤੁਲਸੀਰਾਮ ਨੂੰ ਅੰਮ੍ਰਿਤ ਛਕਾਉਣ ਲਈ ਪੰਜਾਂ-ਪਿਆਰਿਆਂ ਦੇ ਸਨਮੁਖ ਪੇਸ਼ ਕਰ ਦਿੱਤਾ । ਹਾਲਾਂਕਿ ਆਪ ਦੇ ਸਿਰ ਤੇ ਲੋੜੀਂਦੇ ਕੇਸ ਨਹੀਂ ਸਨ ਪਰ ਆਪ ਜੀ ਦੇ

ਉਤਸ਼ਾਹ ਨੂੰ ਵੇਖ ਕੇ ਤੇ ਬੇਨਤੀ ਕਰਨ ਤੇ ਜੱਥੇਦਾਰ ਜੀ ਨੇ ਆਪਣੇ ਸਾਥੀਆਂ ਨਾਲ ਮਤਾ ਕਰ ਕੇ ਆਪ ਦੋਹਾਂ ਨੂੰ ਅੰਮ੍ਰਿਤ ਛਕਾਉਣ ਦੀ ਆਗਿਆ ਦੇ ਦਿੱਤੀ ਅਤੇ ਨਾਮ ਵੀ ਸਾਹਿਬ ਸਿੰਘ ਅਤੇ ਜਗਜੋਧ ਸਿੰਘ ਰੱਖੇ ਜਾਣ ਲਈ ਮਨਜ਼ੂਰੀ ਦੇ ਦਿੱਤੀ ।

ਪਸਰੂਰ ਵਿੱਚ ਇੱਕ ਵਾਰੀ ਮੁਸਲਮਾਨਾਂ, ਆਰੀਆ ਸਮਾਜੀਆਂ ਤੇ ਈਸਾਈਆਂ ਨੇ ਇੱਕ ਸਾਂਝੇ ਜਲਸੇ ਵਿੱਚ ਆਰੀਆ ਸਮਾਜ ਦੇ ਇੱਕ ਪ੍ਰਚਾਰਕ ਪਾਸੋਂ ਆਪ ਜੀ ਨੇ ਸੰਸਕ੍ਰਿਤ ਦੇ ਸਲੋਕ ਸੁਣੇ ਤਾਂ ਆਪ ਜੀ ਦੇ ਮਨ ਵਿੱਚ ਸੰਸਕ੍ਰਿਤ ਲਈ ਸ਼ੌਕ ਵੱਧਣ ਤੇ ਸਕੂਲ ਵਿੱਚ ਆਪ ਨੇ ਫ਼ਾਰਸੀ ਦੀ ਥਾਂ ਸੰਸਕ੍ਰਿਤ ਲੈ ਲਈ । ਜਿਸ ਵਿਚੋਂ ਆਪ ਜੀ ਪਹਿਲੇ ਨੰਬਰ ਤੇ ਆਏ ।

ਹਾਈ ਸਕੂਲ ਵਿੱਚ ਪੜ੍ਹਨ ਦੌਰਾਨ ਹੀ ਆਪ ਦੇ ਪਿਤਾ ਜੀ 20 ਜੁਲਾਈ ਸੰਨ 1907 ਈਸਵੀ ਨੂੰ ਸਦੀਵੀ ਵਿਛੋੜਾ ਦੇ ਗਏ, ਪਰ ਗ਼ਰੀਬੀ ਦੇ ਬਾਵਜੂਦ ਵੀ ਆਪ ਜੀ ਨੂੰ ਦਸਵੀਂ ਜ਼ਰੂਰ ਕਰਵਾਉਣ ਦੀ ਤਾਕੀਦ ਪਰਿਵਾਰ ਨੂੰ ਕਰ ਗਏ । ਦੋ ਛੋਟੇ ਭਰਾ (ਇਹ ਦੋਵੇਂ ਵੀ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ), ਤਿੰਨ ਭੈਣਾਂ ਅਤੇ ਮਾਤਾ ਜੀ ਸਮੇਤ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਹੋਇਆਂ ਵੀ ਆਪ ਜੀ ਨੇ ਆਪਣੀ ਪੜ੍ਹਾਈ ਜਾਰੀ ਰੱਖੀ, ਜਿਸ ਵਿੱਚ ਸਾਰੇ ਪਰਿਵਾਰ ਨੇ ਆਪ ਜੀ ਨੂੰ ਸਹਿਯੋਗ ਦਿੱਤਾ । ਉਦਾਹਰਣ ਵੱਜੋਂ ਜਦੋਂ ਦਸਵੀਂ ਦਾ ਦਾਖ਼ਲਾ ਭੇਜਣਾ ਸੀ ਤਾਂ ਆਪ ਜੀ ਦੀ ਵਿਧਵਾ ਭੂਆ 'ਰਾਧੀ' ਜੀ ਨੇ ਆਪਣੇ ਗਹਿਣੇ ਗ਼ਿਰਵੀ ਰੱਖ ਕੇ ਕਰਜ਼ਾ ਚੁੱਕ ਕੇ ਦਾਖ਼ਲਾ ਫੀਸ ਦਿੱਤੀ । ਆਪ ਜੀ ਦੇ ਪਸਰੂਰ ਬੋਰਡਿੰਗ ਹਾਊਸ ਵਿੱਚ ਰਹਿਣ ਦੌਰਾਨ ਆਪ ਜੀ ਦੇ ਛੋਟੇ ਭਰਾ 20 ਮੀਲ ਦਾ ਪੈਂਡਾ ਤੈਅ ਕਰਕੇ ਹਰ ਮਹੀਨੇ 20 ਸੇਰ ਆਟਾ ਆਪ ਜੀ ਨੂੰ ਪਹੁੰਚਾਉਂਦੇ ਰਹੇ ।

<u>ਨੌਕਰੀ</u> : ਗ਼ਰੀਬੀ ਕਾਰਣ ਆਪ ਜੀ ਨੂੰ ਕਾਲਜ ਪੜ੍ਹਾਉਣ ਦੀ ਸਮਰੱਥਾ ਨਾ ਹੋਣ ਕਰਕੇ ਆਪ ਜੀ ਨੇ ਸੰਨ 1909 ਈਸਵੀ ਵਿੱਚ ਪੜ੍ਹਾਈ ਛੱਡ ਕੇ ਸਾਂਗਲਾ ਜ਼ਿਲ੍ਹਾ ਲਾਇਲਪੁਰ ਦੇ ਇੱਕ ਮਿਡਲ ਸਕੂਲ ਵਿੱਚ 15 ਰੁ: ਮਹੀਨਾ ਤੇ ਸੈਕਿੰਡ ਮਾਸਟਰ ਦੀ ਨੌਕਰੀ ਕਰ ਲਈ । ਇੱਥੇ ਹੀ ਆਪ ਜੀ ਨੇ ਇੱਕ ਵਾਰ ਭਾਈ ਗਿਆਨ ਸਿੰਘ ਨਾਮਧਾਰੀ ਪਾਸੋਂ ਗੁਰਬਾਣੀ ਦੀ ਇੱਕ-ਇੱਕ ਤੁਕ ਦੇ ਕਈ-ਕਈ ਅਰਥ ਸੁਣੇ ਅਤੇ ਇਸ ਵਿਦਵਤਾ ਤੋਂ ਆਪ ਬਹੁਤ ਪ੍ਰਭਾਵਿਤ ਹੋਏ । ਸੰਨ 1910 ਈਸਵੀ ਵਿੱਚ ਸਾਂਗਲੇ ਸਕੂਲ ਤੋਂ ਜੁਆਬ ਮਿਲਣ ਤੇ ਆਪ ਜੀ ਨੇ ਡਾਕਖ਼ਾਨੇ ਦੀ ਨੌਕਰੀ ਲਈ ਅਰਜ਼ੀ ਭੇਜੀ । ਘਰੋਂ 40 ਮੀਲ ਦੂਰ ਸਿਆਲਕੋਟ ਵਿਖੇ ਜਾਣ ਲਈ ਕਿਰਾਏ ਦੇ ਦੋ ਰੁਪਏ ਵੀ ਆਪ ਜੀ ਨੂੰ ਆਪ ਦੀ ਮਾਤਾ ਨੇ ਇੱਕ ਔਰਤ ਤੋਂ ਫੜ ਕੇ ਦਿੱਤੇ । ਆਪ ਜੀ ਨੂੰ ਰਈਏ ਤਹਿਸੀਲ ਦੇ ਡਾਕਖ਼ਾਨੇ ਵਿੱਚ 20 ਰੁ: ਮਹੀਨੇ ਤੇ ਨੌਕਰੀ ਮਿਲ ਗਈ ।

<u>ਕਾਲਜ ਦੀ ਪੜ੍ਹਾਈ</u> : ਇਸ ਨੌਕਰੀ ਦੇ ਬਾਵਜੂਦ ਹਾਲਾਂ ਆਪ ਜੀ ਦਾ ਮਨ ਹੋਰ ਪੜ੍ਹਨ ਦਾ ਸੀ । ਆਪ ਜੀ ਨੇ ਘਰ ਦੀ ਅਤਿ ਗ਼ਰੀਬੀ ਦੇ ਬਾਵਜੂਦ ਡਾਕਖ਼ਾਨੇ ਦੀ ਕਲਰਕੀ ਤੋਂ ਅਸਤੀਫ਼ਾ ਦੇ ਕੇ ਸੰਨ 1911 ਈਸਵੀ ਵਿੱਚ ਦਿਆਲ ਸਿੰਘ ਕਾਲਜ, ਲਾਹੌਰ ਵਿਖੇ ਆਪਣੇ ਪੁਰਾਣੇ ਉਸਤਾਦ ਪੰਡਿਤ ਵਿਤਸਤਾ ਪ੍ਰਸਾਦ ਦੀ ਮਦਦ ਨਾਲ ਦਾਖ਼ਲਾ ਲੈ ਲਿਆ ।

ਆਪ ਜੀ ਨੂੰ 5 ਰੁਪਏ ਆਪ ਜੀ ਦੇ ਦੋਸਤ ਹਰਦਿਆਲ ਸਿੰਘ ਦੇ ਭਰਾ ਗੁਰਦਿਆਲ ਸਿੰਘ ਤੋਂ ਖਰਚੇ ਲਈ ਮਿਲਦੇ ਸਨ ਅਤੇ 5 ਰੁਪਏ ਮਹੀਨੇ ਦਾ ਵਜ਼ੀਫਾ ਸੈਕੰਡ ਈਅਰ ਦੀ ਪੜ੍ਹਾਈ ਦੇ ਸਮੇਂ ਤੋਂ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਵੀ ਮਿਲਣਾ ਸ਼ੁਰੂ ਹੋ ਗਿਆ ਤੇ ਸੰਨ 1913 ਈਸਵੀ ਵਿੱਚ ਐਫ.ਏ. ਕਰਨ ਤੋਂ ਬਾਅਦ ਆਪ ਜੀ ਗੋਰਮਿੰਟ ਕਾਲਜ ਲਾਹੌਰ ਵਿਖੇ 10 ਰੁਪਏ ਮਹੀਨਾ ਸਰਕਾਰੀ ਵਜ਼ੀਫਾ ਲੈ ਕੇ ਦਾਖ਼ਲ ਹੋ ਗਏ । ਇਸੇ ਸਾਲ ਪਿੰਡ ਵਿੱਚ ਆਈ ਇੱਕ ਬਰਾਤ ਨਾਲ ਆਏ ਇੱਕ ਆਰੀਆ ਸਮਾਜੀ ਪ੍ਰਚਾਰਕ ਪਾਸੋਂ ਇੱਕ-ਇੱਕ ਤੁਕ ਦੇ ਕਈ-ਕਈ ਅਰਥ ਕਰਨ ਦੀ ਵਿਦਵਤਾ ਨਿਰੀ ਬੇਸਮਝੀ ਹੋਣ ਦਾ ਪਤਾ ਲੱਗਾ ਤਾਂ ਆਪ ਜੀ ਦਾ ਧਿਆਨ ਗੁਰਬਾਣੀ ਦੀ ਖ਼ੋਜ ਵੱਲ ਗਿਆ । ਸੰਨ 1915 ਈਸਵੀ ਵਿੱਚ ਆਪ ਜੀ ਨੇ ਗੌਰਮਿੰਟ ਕਾਲਜ ਵਿੱਚ ਸੰਸਕ੍ਰਿਤ ਵਿੱਚੋਂ ਪਹਿਲੇ ਨੰਬਰ ਤੇ ਰਹਿ ਕੇ ਬੀ.ਏ. ਪਾਸ ਕੀਤੀ ਅਤੇ ਯੂਨੀਵਰਸਿਟੀ ਵੱਲੋਂ ਆਪ ਜੀ ਨੂੰ ਚਾਂਦੀ ਦਾ ਮੈਡਲ ਮਿਲਿਆ ।

<u>ਦੁਬਾਰਾ ਨੌਕਰੀ</u> : ਇਸ ਪਿੱਛੋਂ ਆਪ ਜੀ ਖ਼ਾਲਸਾ ਹਾਈ ਸਕੂਲ, ਫਰੂਕਾ ਵਿਖੇ (ਜੋ ਕਿ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਜੀ ਦੇ ਉੱਦਮ ਨਾਲ ਚਲਾਇਆ ਹੋਇਆ ਸੀ) 75 ਰੁ: ਮਹੀਨਾ ਤੇ ਥਰਡ ਮਾਸਟਰ ਲੱਗ ਗਏ । ਇਸੇ ਸਕੂਲ ਵਿੱਚ ਹੀ ਆਪ ਜੀ ਦਾ ਮੇਲ ਮਾਸਟਰ ਤਾਰਾ ਸਿੰਘ ਜੀ ਨਾਲ ਹੋਇਆ । ਸੰਨ 1916 ਈਸਵੀ ਵਿੱਚ ਆਪ ਜੀ ਨੇ ਨਵੇਂ ਖੁੱਲ੍ਹੇ ਗੁਰੂ ਨਾਨਕ ਖ਼ਾਲਸਾ ਕਾਲਜ, ਗੁਜਰਾਂਵਾਲੇ ਵਿੱਚ ਗੁਰਬਾਣੀ ਅਤੇ ਸੰਸਕ੍ਰਿਤ ਪੜਾਉਣ ਦੀ ਨੌਕਰੀ 70 ਰੁ: ਮਹੀਨਾ ਤੇ ਪ੍ਰਵਾਨ ਕਰ ਲਈ ।

<u>ਗੁਰਬਾਣੀ ਵਿਆਕਰਣ ਦਾ ਮੁਢ ਬੱਝਣਾ</u> : ਫਰਵਰੀ ਸੰਨ 1920 ਈਸਵੀ ਵਿੱਚ ਸ੍ਰ: ਜੋਧ ਸਿੰਘ ਜੀ ਇਸੇ ਕਾਲਜ ਦੇ ਪ੍ਰਿੰਸੀਪਲ ਬਣੇ, ਜਿਹਨਾਂ ਨੇ ਗੁਰਬਾਣੀ ਦੀ ਹੋਰ ਡੂੰਘੀ ਖ਼ੋਜ ਲਈ ਆਪ ਜੀ ਨੂੰ ਪ੍ਰੇਰਣਾ ਦਿੱਤੀ । ਆਪ ਜੀ ਦੀ ਤਨਖ਼ਾਹ ਵੀ ਵਧਾ ਕੇ

120-8-200 ਦਾ ਗ੍ਰੇਡ ਕਰ ਦਿੱਤਾ । ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਮੰਗਵਾ ਲਈਆਂ ਤੇ ਹੋਰ ਮਿਹਨਤ ਆਰੰਭ ਕਰ ਦਿੱਤੀ । ਇੱਥੇ ਹੀ ਦਸੰਬਰ ਸੰਨ 1920 ਈਸਵੀ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਆਪ ਜੀ ਦੀ ਡਿਊਟੀ ਪਾਠ ਕਰਨ ਦੀ ਵੀ ਲੱਗੀ । ਪਾਠ ਦੀ ਡਿਊਟੀ ਕਰਦਿਆਂ ਆਪ ਜੀ ਇੱਕੋ ਹੀ ਤੁਕ ਵਿੱਚ, ਇੱਕੋ ਸ਼ਬਦ ਦੇ ਵੱਖਰੇ-ਵੱਖਰੇ ਰੂਪ ਮੁਕਤਾ, ਸਿਹਾਰੀ ਅਤੇ ਔਂਕੜ ਨਾਲ ਵੇਖ ਕੇ ਹੈਰਾਨ ਰਹਿ ਗਏ । ਪਾਠ ਦੀ ਵਾਰੀ ਪੂਰੀ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੈਂਚੀ ਲੈ ਕੇ ਬੈਠ ਗਏ । ਇਸ ਵਿਸ਼ੇ ਤੇ ਗੰਭੀਰ ਵਿਚਾਰ ਅਤੇ ਡੂੰਘੀ ਸੋਚ ਦੁਆਰਾ ਮਿਲੇ ਅਰਥਾਂ ਤੋਂ ਗੁਰਬਾਣੀ ਵਿਆਕਰਣ ਦੀ ਦਾਤ ਦਾ ਮੁਢ ਬੱਝਾ ।

ਆਪ ਜੀ ਦੀ ਇਸ ਲਗਨ ਤੇ ਮਿਹਨਤ ਨੂੰ ਵੇਖ ਕੇ ਪ੍ਰਿੰਸੀਪਲ ਜੋਧ ਸਿੰਘ ਜੀ ਨੇ ਆਪ ਜੀ ਨੂੰ ਟਾਲਸਟਾਇ ਦੀ ਪੁਸਤਕ ਦਿੱਤੀ, ਜਿਸ ਵਿੱਚੋਂ 'ਰਿਲੀਜਨ ਐਂਡ ਮੋਰੈਲਿਟੀ' ਦਾ ਗੁਰਮਤਿ ਅਨੁਸਾਰ ਆਪ ਨੇ ਉਲੱਥਾ ਕੀਤਾ ਅਤੇ ਉਸ ਦਾ ਸਿਰਲੇਖ਼ ਧਰਮ ਤੇ ਸਦਾਚਾਰ ਰਖਿਆ, ਜਿਸ ਨੂੰ ਪੜ੍ਹ ਕੇ ਪ੍ਰਿੰਸੀਪਲ ਜੋਧ ਸਿੰਘ ਜੀ ਬਹੁਤ ਪ੍ਰਭਾਵਿਤ ਹੋਏ ਤੇ ਉਹਨਾਂ ਕਿਹਾ ਕਿ ਜੇ ਤੂੰ ਇਸੇ ਲਗਨ ਨਾਲ ਇਸ ਰਾਹ ਪਿਆ ਰਿਹਾ ਤਾਂ ਇੱਕ ਦਿਨ ਗੁਰਮਤਿ ਦਾ ਚੰਗਾ ਲਿਖਾਰੀ ਬਣ ਜਾਵੇਂਗਾ ।

**ਸ਼ਹੀਦੀ ਸਾਕਾ ਨਨਕਾਣਾ ਸਾਹਿਬ** : 20 ਫਰਵਰੀ ਸੰਨ 1921 ਈਸਵੀ ਵਿੱਚ ਨਨਕਾਣਾ ਸਾਹਿਬ ਦੀ ਸ਼ਹੀਦੀਆਂ ਦਾ ਸਾਕਾ ਵਾਪਰਿਆ । 21 ਫਰਵਰੀ ਨੂੰ ਆਪ ਜੀ ਨੇ ਜਾ ਕੇ ਮੌਕੇ ਤੇ ਹਾਲਾਤ ਦੇਖੇ ਤਾਂ ਆਪ ਜੀ ਆਪਣੇ ਜਜ਼ਬਾਤ ਨੂੰ ਸੰਭਾਲ ਨਾ ਸਕੇ ਤੇ ਆਪ ਦੀਆਂ ਭੁੱਬਾਂ ਨਿਕਲ ਗਈਆਂ ਤੇ ਰੋਣਾ ਠਲ੍ਹਿਆ ਨਾ ਜਾਵੇ । ਫਿਰ ਆਪ ਗੁਰਦੁਆਰਾ ਸਾਹਿਬ ਦੇ ਅੰਦਰ ਗਏ, ਭਾਈ ਹੀਰਾ ਸਿੰਘ ਜੀ ਰਾਗੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ । ਆਪ ਜੀ ਨੂੰ ਵੇਖ ਕੇ ਕਹਿਣ ਲੱਗੇ "ਭਾਈ ਸਾਹਿਬ ਸਿੰਘ ! ਵੇਖੋ ! ਸਤਿਗੁਰ ਜੀ ਦੀ ਛਾਤੀ ਵਿੱਚ ਗੋਲੀਆਂ ਵੱਜੀਆਂ ਪਈਆਂ ਹਨ ।" ਹਰ ਪਾਸੇ ਜ਼ੁਲਮ ਤੇ ਬੇਦਰਦੀ ਨਾਲ ਕੀਤੇ ਕਤਲਾਂ ਦਾ ਦ੍ਰਿਸ਼ ਵੇਖ ਕੇ ਆਪ ਜੀ ਦਾ ਸੂਖ਼ਮ ਚਿੱਤ ਉਦਾਸੀ ਨਾਲ ਭਰ ਗਿਆ । ਇਸੇ ਗਮਗ਼ੀਨ ਹਾਲਤ ਵਿੱਚ ਹੀ ਆਪ ਗੱਡੀ ਚੜ੍ਹ ਕੇ ਵਾਪਸ ਆ ਗਏ ।

ਸੰਨ 1920 ਦੇ ਅਖ਼ੀਰਲੇ ਮਹੀਨੇ ਕਾਲਜ ਦੇ ਪ੍ਰਬੰਧਕਾਂ ਵੱਲੋਂ ਆਯੋਜਿਤ ਕੀਤੇ ਸਾਲਾਨਾ ਦੀਵਾਨ ਸਮੇਂ ਹੋਏ ਅੰਮ੍ਰਿਤ ਸੰਚਾਰ ਦੇ ਸਮਾਗਮ ਵਿੱਚ ਆਪ ਜੀ ਦੀ ਸੁਪਤਨੀ ਦੁਰਗਾ ਦੇਈ ਨੇ ਵੀ ਅੰਮ੍ਰਿਤ ਛੱਕ ਲਿਆ ਤੇ ਉਸ ਦਾ ਨਾਮ ਆਗਿਆ ਕੌਰ ਰਖਿਆ ਗਿਆ ।

**ਸ਼੍ਰੋਮਣੀ ਕਮੇਟੀ ਵਿੱਚ ਸੇਵਾ** : ਜੂਨ ਸੰਨ 1921 ਈਸਵੀ ਵਿੱਚ ਗੁਜਰਾਂਵਾਲਾ ਕਾਲਜ ਦਾ ਸੰਬੰਧ ਪੰਜਾਬ ਯੂਨੀਵਰਸਿਟੀ ਨਾਲੋਂ ਟੁੱਟਣ ਕਾਰਣ ਆਪ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿੱਚ ਮੀਤ ਸਕੱਤਰ ਦੀ ਡਿਊਟੀ ਕਰ ਲਈ । ਇਸ ਸਮੇਂ ਮਾਸਟਰ ਤਾਰਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਨ । ਇਸ ਡਿਊਟੀ ਦੌਰਾਨ ਲੱਗਣ ਵਾਲੇ 'ਚਾਬੀਆਂ ਦੇ ਮੋਰਚੇ' ਅਤੇ 'ਕਿਰਪਾਨ ਦੇ ਮੋਰਚੇ' ਸਮੇਂ ਸਿੱਖ ਪੰਥ ਨੂੰ ਇਤਿਹਾਸਕ ਜਿੱਤਾਂ ਮਿਲੀਆਂ । ਫਿਰ ਸੰਨ 1922 ਈਸਵੀ ਵਿੱਚ ਲੱਗੇ 'ਗੁਰੂ ਕੇ ਬਾਗ਼ ਦੇ ਮੋਰਚੇ' ਅਤੇ ਸੰਨ 1923 ਈਸਵੀ ਵਿੱਚ ਲੱਗੇ 'ਜੈਤੋ ਦੇ ਮੋਰਚੇ' ਸਮੇਂ ਆਪ ਜੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਕੈਦ ਕੱਟਣੀ ਪਈ । ਪਰ ਆਪ ਜੀ ਨੇ ਇਹਨਾਂ ਮੌਕਿਆਂ ਤੇ ਗੁਰਬਾਣੀ ਦੀ ਸੈਂਚੀਆਂ ਘਰੋਂ ਮੰਗਵਾ ਲਈਆਂ ਤੇ ਗੁਰਬਾਣੀ ਵਿਆਕਰਣ ਦੀ ਖ਼ੋਜ ਲਈ ਜੇਲ ਵਿੱਚ ਹੀ ਬੇਫ਼ਿਕਰੀ ਨਾਲ ਇਸ ਕੰਮ ਲਈ ਮਿਹਨਤ ਕਰਨ ਲੱਗ ਪਏ । ਇਹਨਾਂ ਗ੍ਰਿਫ਼ਤਾਰੀ ਦੇ ਦਿਨਾਂ ਵਿੱਚ ਹੀ ਅਤੇ ਬਿਮਾਰ ਹੋਣ ਕਾਰਣ ਰਿਹਾਅ ਕੀਤੇ ਜਾਣ ਤੋਂ ਬਾਅਦ ਵੀ ਆਪ ਜੀ ਨੇ ਗੁਰਬਾਣੀ ਵਿਆਕਰਣ ਅਨੁਸਾਰ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਵਾਰਾਂ ਦੇ ਟੀਕੇ ਲਿੱਖਣੇ ਸ਼ੁਰੂ ਕੀਤੇ ਅਤੇ ਭਾਈ ਗੁਰਦਾਸ ਜੀ ਦੇ ਕਬਿੱਤਾਂ ਦੇ ਭਾਵ-ਅਰਥ ਲਿੱਖਣੇ ਸ਼ੁਰੂ ਕੀਤੇ ।

**ਗੁਜਰਾਂਵਾਲਾ ਕਾਲਜ ਵਿੱਚ ਦੁਬਾਰਾ ਨੌਕਰੀ** : ਸੰਨ 1926 ਈਸਵੀ ਵਿੱਚ ਗੁਜਰਾਂਵਾਲਾ ਕਾਲਜ ਦੁਬਾਰਾ ਖੁੱਲ ਗਿਆ ਅਤੇ ਬਾਵਾ ਹਰਿਕ੍ਰਿਸ਼ਨ ਸਿੰਘ ਜੀ ਇਸ ਦੇ ਪ੍ਰਿੰਸੀਪਲ ਬਣੇ । ਆਪ ਜੀ ਫਿਰ ਉੱਥੇ ਸੰਸਕ੍ਰਿਤ, ਗੁਰਬਾਣੀ, ਪੰਜਾਬੀ ਅਤੇ ਹਿੰਦੀ ਦੇ ਪ੍ਰੋਫੈਸਰ ਲੱਗ ਗਏ । ਸ਼੍ਰੋਮਣੀ ਕਮੇਟੀ ਵਿੱਚ ਅਪ ਦੀ ਤਨਖ਼ਾਹ 250 ਰੁ: ਸੀ, ਪਰ ਕਾਲਜ ਵਿੱਚ ਆਪ ਜੀ ਨੂੰ 150 ਰੁ: ਮਹੀਨਾ ਤਨਖ਼ਾਹ ਮਿਲੀ । ਆਪ ਜੀ ਨੂੰ ਪੜ੍ਹਨ-ਪੜ੍ਹਾਉਣ ਦਾ ਕੰਮ ਪਸੰਦ ਆਉਣ ਕਰਕੇ ਇਹ ਮੰਜ਼ੂਰ ਕਰ ਲਿਆ । ਇੱਥੇ ਖ਼ਾਲਸਾ ਯਤੀਮਖ਼ਾਨੇ ਵਿਖੇ ਰੋਜ਼ਾਨਾ ਸ਼ਾਮ ਸਤਿਸੰਗ ਵਿੱਚ ਬਾਬਾ ਤੇਜਾ ਸਿੰਘ ਜੀ ਰਿਟਾਇਰਡ ਏ. ਟੀ. ਐਸ., ਹੈਡ ਮਾਸਟਰ ਛਹਿਬਰ ਸਿੰਘ ਜੀ, ਭਾਈ ਹਿੰਮਤ ਸਿੰਘ ਜੀ ਅਧਿਆਪਕ ਯਤੀਮਖ਼ਾਨਾ, ਪ੍ਰੋ: ਨਰਾਇਣ ਸਿੰਘ ਜੀ ਐਮ.ਐਸ.ਸੀ., ਪ੍ਰੋ: ਸੁੰਦਰ ਸਿੰਘ ਜੀ ਐਮ.ਐਸ.ਸੀ, ਡਾ: ਰਣ ਸਿੰਘ ਜੀ ਸਪੁੱਤਰ ਬਾਬੂ ਤੇਜਾ ਸਿੰਘ ਜੀ ਭਸੌੜ, ਭਾਈ ਨੰਦ ਸਿੰਘ ਜੀ ਦੁਕਾਨਦਾਰ ਆਉਂਦੇ ਸਨ ।

ਇਸ ਸਤਿਸੰਗ ਵਿੱਚ ਸੰਨ 1927 ਈਸਵੀ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅਰਥ ਗੁਰਬਾਣੀ ਵਿਆਕਰਣ ਅਨੁਸਾਰ ਸ਼ੁਰੂ ਕਰਕੇ ਸੰਨ 1928 ਈਸਵੀ ਵਿੱਚ ਪੂਰੇ ਕੀਤੇ ਗਏ । ਫਿਰ ਮੁਢ ਤੋਂ ਸ਼ੁਰੂ ਕਰ ਦਿੱਤੇ ਗਏ ।

ਸੰਨ 1929 ਈਸਵੀ ਵਿੱਚ ਆਪ ਜੀ ਲਈ ਇੱਕ ਵਾਰ ਫਿਰ ਰੁਜ਼ਗਾਰ ਦੀ ਮੁਸ਼ਕਿਲ ਬਣੀ ਤਾਂ ਆਪ ਜੀ ਨੇ ਅੰਮ੍ਰਿਤਸਰ ਜਾ ਕੇ ਮਾਸਿਕ ਪੱਤਰ 'ਜੀਵਨ' ਜਾਰੀ ਕਰਨ ਦਾ ਫ਼ੈਸਲਾ ਕੀਤਾ । ਜੁਲਾਈ ਸੰਨ 1929 ਈਸਵੀ ਵਿੱਚ ਆਪ ਜੀ ਨੇ ਭੱਟਾਂ ਦੇ ਸਵੱਈਏ ਦਾ ਸਟੀਕ ਲਿੱਖਣਾ ਸ਼ੁਰੂ ਕੀਤਾ, ਜੋ ਕਿ ਤਿੰਨ ਮਹੀਨਿਆਂ ਵਿੱਚ ਪੂਰਾ ਕੀਤਾ, ਇਨ੍ਹਾਂ ਹੀ ਦਿਨਾਂ ਵਿੱਚ ਆਪ ਜੀ ਨੇ ਸ਼੍ਰੋਮਣੀ ਕਮੇਟੀ ਵਿੱਚ ਇੱਕ ਵਾਰ ਫਿਰ ਦਫ਼ਤਰ ਸੁਪਰਡੈਂਟ ਬਣਾ ਲਿਆ ਗਿਆ । 4 ਨਵੰਬਰ ਸੰਨ 1929 ਈਸਵੀ ਨੂੰ ਕਮੇਟੀ ਦੀ ਨੌਂਕਰੀ ਛੱਡ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫੈਸਰ ਲੱਗ ਗਏ ।

ਸੰਨ 1931 ਈਸਵੀ ਵਿੱਚ 'ਜਪੁ ਜੀ ਸਾਹਿਬ' ਦੀ ਸਟੀਕ ਆਪ ਜੀ ਨੇ ਗੁਰਬਾਣੀ ਵਿਆਕਰਣ ਅਨੁਸਾਰ ਲਿਖੀ । ਇਸੇ ਹੀ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਲਾਨ ਕੀਤਾ ਕਿ ਸੱਭ ਤੋਂ ਵੱਧੀਆ ਗੁਰਬਾਣੀ ਵਿਆਕਰਣ ਲਿੱਖਣ ਵਾਲੇ ਨੂੰ ਇੱਕ ਹਜ਼ਾਰ ਰੁਪਿਆ ਇਨਾਮ ਦਿੱਤਾ ਜਾਏਗਾ । ਸੰਨ 1932 ਈਸਵੀ ਵਿੱਚ ਗੁਰਬਾਣੀ ਵਿਆਕਰਣ ਦੀ ਕਿਤਾਬ ਪੂਰੀ ਕਰ ਲਈ, ਜਿਸ ਉੱਤੇ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੰਨ 1939 ਈਸਵੀ ਵਿੱਚ ਇੱਕ ਹਜ਼ਾਰ ਰੁਪਏ ਦਾ ਇਨਾਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤਾ ਗਿਆ । ਫਿਰ ਤਾਂ ਲਗਾਤਾਰ ਵਿਆਕਰਣ ਅਨੁਸਾਰ ਅਲੱਗ-ਅਲੱਗ ਬਾਣੀਆਂ ਦੇ ਟੀਕੇ ਲਿੱਖਣ ਦੀ ਲੜੀ ਹੀ ਚੱਲ ਪਈ । ਇਸੇ ਲੜੀ ਵਿੱਚ ਸੰਨ 1932 ਈਸਵੀ ਵਿੱਚ ਆਪ ਜੀ ਨੇ 'ਆਸਾ ਕੀ ਵਾਰ', ਸੰਨ 1935 ਈਸਵੀ ਵਿੱਚ ਬਾਣੀ 'ਸਦ' ਦਾ ਟੀਕਾ ਅਤੇ 'ਸੁਖਮਨੀ ਸਾਹਿਬ' ਦਾ ਟੀਕਾ ਵੀ ਤਿਆਰ ਕੀਤਾ । ਫਿਰ ਸੰਨ 1940 ਈਸਵੀ ਤੋਂ ਸੰਨ 1947 ਈਸਵੀ ਦੇ ਵਿਚਲੇ ਸਮੇਂ ਤੇ ਆਪ ਜੀ ਦੇ ਟੀਕੇ 'ਜਾਪ ਸਾਹਿਬ', 'ਸ਼ੇਖ਼ ਫਰੀਦ ਜੀ ਦੇ ਸਲੋਕ', 'ਸਲੋਕ ਸ੍ਰੀ ਗੁਰੂ ਅੰਗਦ ਸਾਹਿਬ ਜੀ', 'ਦਸ ਵਾਰਾਂ', 'ਸਿਧ ਗੋਸ਼ਟਿ', 'ਸੱਤੇ ਬਲਵੰਡ ਦੀ ਵਾਰ', 'ਜੈਤਸਰੀ ਦੀ ਵਾਰ', 'ਸਲੋਕ ਕਬੀਰ ਸਾਹਿਬ' ਛੱਪ ਗਏ । ਰੇਡੀਓ ਪ੍ਰਸਾਰਨ ਲਈ ਆਪ ਜੀ ਨੇ ਸੰਨ 1951 ਈਸਵੀ ਵਿੱਚ ਸਿਮਰਨ ਦੇ ਮਜ਼ਮੂਨ ਤੇ ਤੇਰ੍ਹਾਂ ਲੇਖ ਲਿਖੇ, ਜੋ ਹੁਣ 'ਸਿਮਰਨ ਦੀਆਂ ਬਰਕਤਾਂ ਤੇ ਹੋਰ ਲੇਖ' ਦੇ ਨਾਮ ਹੇਠ ਪ੍ਰਕਾਸ਼ਿਤ ਹੋ ਚੁਕੇ ਹਨ ।

**ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿੱਚ ਪ੍ਰਿੰਸੀਪਲ ਦੀ ਸੇਵਾ** : 12 ਅਕਤੂਬਰ ਸੰਨ 1952 ਈਸਵੀ ਵਿੱਚ ਆਪ ਖ਼ਾਲਸਾ ਕਾਲਜ ਤੋਂ ਰਿਟਾਇਰ ਹੋਏ ਤਾਂ ਆਪ ਜੀ ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਪ੍ਰਿੰਸੀਪਲ ਬਣਾ ਦਿੱਤਾ ਗਿਆ । ਇੱਥੇ ਰਹਿੰਦਿਆਂ ਆਪ ਜੀ ਨੇ ਸੰਨ 1957 ਈਸਵੀ ਤੋਂ ਸੰਨ 1961 ਈਸਵੀ ਤੱਕ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਸਟੀਕ ਦਾ ਕੰਮ ਆਪਣੀ ਨਾਜ਼ੁਕ ਸਿਹਤ ਦੇ ਹੁੰਦਿਆਂ ਹੋਇਆਂ ਵੀ ਗੁਰੂ ਪਾਤਸ਼ਾਹ ਦੀ ਬਖ਼ਸ਼ਿਸ਼ ਨਾਲ ਪੂਰਾ ਕਰ ਲਿਆ ਅਤੇ ਸ਼ੁਕਰਾਨਾ ਕਰਦਿਆਂ ਹੋਇਆਂ ਕਿਹਾ, "ਇਹ ਉਸੇ ਪਾਤਸ਼ਾਹ ਦੀ ਹੀ ਮਿਹਰ ਹੈ, ਨਹੀਂ ਤਾਂ ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ ।" ਇਸ ਸਾਰੇ ਕੰਮ ਦਾ ਨਾਂ "ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ" ਰਖਿਆ ਗਿਆ, ਜਿਸ ਨੂੰ ਰਾਜ ਪਬਲਿਸ਼ਰਜ਼ ਜਲੰਧਰ ਨੇ 10 ਸੈਂਚੀਆਂ ਵਿੱਚ ਬੜੀ ਮਿਹਨਤ ਨਾਲ ਛਾਪਿਆ । 16 ਫਰਵਰੀ ਸੰਨ 1962 ਈਸਵੀ ਨੂੰ 70 ਸਾਲ ਦੀ ਉਮਰ ਵਿੱਚ ਆਪ ਜੀ ਨੇ ਮਿਸ਼ਨਰੀ ਕਾਲਜ ਤੋਂ ਇਸਤੀਫ਼ਾ ਦੇ ਦਿੱਤਾ ।

**ਪੰਜਾਬੀ ਮਹਿਕਮੇ ਵੱਲੋਂ ਇਨਾਮ** : ਭਾਸ਼ਾ ਵਿਭਾਗ ਪਟਿਆਲਾ ਵੱਲੋਂ ਆਪ ਜੀ ਦੀ ਕਿਤਾਬ 'ਸਿੱਖ ਸਿਦਕ ਨਾ ਹਾਰੇ', ਜੋ ਕਿ ਸਿੰਘ ਬ੍ਰਦਰਜ਼ ਨੇ ਛਾਪੀ ਸੀ, ਤੇ ਚਾਰ ਸੌ ਰੁਪਏ ਦਾ ਇਨਾਮ ਸੰਨ 1963 ਈਸ਼ਵੀ ਵਿੱਚ ਦਿੱਤਾ ਗਿਆ । ਸੰਨ 1965 ਈਸਵੀ ਵਿੱਚ ਸਿੰਘ ਸਭਾ ਬੈਂਕਾਕ ਵੱਲੋਂ 2000 ਰੁਪਏ ਇਨਾਮ ਵੱਜੋਂ ਭੇਜੇ ਗਏ । ਸੰਨ 1965 ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ ਅਤੇ ਸੰਨ 1966 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ ਅਤੇ ਉਸ ਤੋਂ ਬਾਅਦ ਇਸ ਦੇ ਹਿੰਦੀ ਤੇ ਇੰਗਲਿਸ਼ ਅਨੁਵਾਦ ਸਿੰਘ ਬ੍ਰਦਰਜ਼ ਵੱਲੋਂ ਛਾਪੇ ਗਏ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪ ਜੀ ਨੂੰ ਸਿਰੋਪਾਓ ਵੱਜੋਂ 250 ਰੁਪਏ 31 ਮਾਰਚ ਸੰਨ 1967 ਈਸਵੀ ਨੂੰ ਭੇਜੇ । ਮਈ ਸੰਨ 1967 ਈਸਵੀ ਵਿੱਚ ਗੁਰੂ ਅਮਰਦਾਸ ਸਾਹਿਬ ਜੀ ਦਾ ਜੀਵਨ ਤੇ ਜੂਨ ਸੰਨ 1969 ਈਸਵੀ ਵਿੱਚ ਗੁਰੂ ਅਰਜਨ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ ਵੀ ਸਿੰਘ ਬ੍ਰਦਰਜ਼ ਵੱਲੋਂ ਛਾਪ ਦਿੱਤਾ ਗਿਆ ।

**ਗੁਰਮਤਿ ਕਾਲਜ ਪਟਿਆਲਾ ਵਿਖੇ ਸੇਵਾ** : ਸੰਨ 1968 ਈਸਵੀ ਵਿੱਚ ਆਪ ਜੀ ਆਪਣੇ ਲੜਕੇ ਸ੍ਰ: ਦਲਜੀਤ ਸਿੰਘ ਨਾਲ ਪਟਿਆਲੇ ਚਲੇ ਗਏ, ਜਿੱਥੇ ਆਪ ਜੀ ਗੁਰਮਤਿ ਕਾਲਜ ਪਟਿਆਲਾ ਵਿੱਚ ਪੜ੍ਹਾਉਣ ਲੱਗ ਪਏ । ਇਹਨਾਂ ਹੀ ਦਿਨਾਂ ਵਿੱਚ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਨੇ ਭਾਈ ਜੋਧ ਸਿੰਘ ਜੀ ਦੀ ਪ੍ਰਧਾਨਗੀ ਹੇਠ ਆਪ ਜੀ ਨੂੰ ਫੈਲੋਸ਼ਿਪ ਦੇਣੀ ਪ੍ਰਵਾਨ ਕੀਤੀ ਅਤੇ ਸੰਨ 1971 ਈਸਵੀ ਵਿੱਚ ਆਪ ਜੀ ਨੂੰ 'ਡਾਕਟਰ ਆਫ ਲਿਟਰੇਚਰ' ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤੀ ਗਈ ।

**ਗੁਰਪੁਰੀ ਸਿਧਾਰਨਾ** : ਦਿਨੋ-ਦਿਨ ਘੱਟ ਰਹੀ ਸਿਹਤ ਅਤੇ ਪਾਰਕਿਨਸਿਨ ਨਾਂ ਦੀ ਦਿਮਾਗ਼ੀ ਬਿਮਾਰੀ ਨੇ ਐਸਾ ਹੱਲਾ ਬੋਲਿਆ ਕਿ ਹੌਲੀ-ਹੌਲੀ ਸਰੀਰ ਦੇ ਸਾਰੇ ਅੰਗ ਦਿਮਾਗ਼ ਦੇ ਕੰਟਰੋਲ ਤੋਂ ਬਾਹਰ ਹੁੰਦੇ ਗਏ ਅਤੇ ਚੱਲਣ, ਫਿਰਨ, ਬੋਲਣ ਅਤੇ ਹੋਰ ਸੱਭ ਸਰੀਰਕ ਕ੍ਰਿਆਵਾਂ ਜੁਆਬ ਦੇ ਗਈਆਂ । ਬਿਮਾਰੀ ਦੀ ਇਸੇ ਹਾਲਤ ਵਿੱਚ ਹੀ ਆਪ ਜੀ 19 ਅਕਤੂਬਰ ਸੰਨ 1977 ਈਸਵੀ ਨੂੰ ਸਿੱਖ ਕੌਮ ਨੂੰ ਸਦੀਵੀ ਵਿਛੋੜਾ ਦੇ ਗਏ ।

**ਸ਼ਖ਼ਸੀਅਤ** : ਅਤਿ ਗ਼ਰੀਬ ਹਿੰਦੂ ਘਰਾਣੇ ਵਿੱਚ ਨੱਥੂ ਰਾਮ ਦੇ ਨਾਂ ਨਾਲ ਜਨਮ ਲੈ ਕੇ ਗੁਰੂ ਪਾਤਸ਼ਾਹ ਦੀ ਬਖ਼ਸ਼ਿਸ਼ ਨਾਲ ਡਾਕਟਰ ਸਾਹਿਬ ਸਿੰਘ ਜੀ ਦੇ ਰੂਪ ਤੱਕ ਨਿਖਰਨ ਵਾਲੇ ਇਸ ਇਨਸਾਨ ਦੀ ਸ਼ਖ਼ਸੀਅਤ ਇਨਸਾਨੀ ਕਲਮ ਦੇ ਬਿਆਨ ਤੋਂ ਬਾਹਰ ਹੈ । ਜੋ ਦੇਣ ਆਪ ਜੀ ਨੇ ਗੁਰਬਾਣੀ ਵਿਆਕਰਣ ਅਤੇ ਵਿਆਕਰਣ ਅਨੁਸਾਰ 'ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਰੂਪ ਵਿੱਚ ਪੰਜਾਬੀ ਸਾਹਿਤ ਅਤੇ ਸਿੱਖ ਕੌਮ ਨੂੰ ਦਿੱਤੀ ਹੈ ਉਸ ਦੀ ਹੋਰ ਕੋਈ ਮਿਸਾਲ ਨਹੀਂ ਮਿਲ ਸਕਦੀ । ਆਪ ਜੀ ਦਾ ਸਾਰਾ ਜੀਵਨ ਸੱਚਾ-ਸੁੱਚਾ, ਸੰਜਮੀ, ਥੋੜ੍ਹੀਆਂ ਲੋੜਾਂ ਵਾਲਾ, ਥੋੜ੍ਹਾ ਬੋਲਣ ਵਾਲਾ ਪਰ ਦ੍ਰਿੜ ਇਰਾਦੇ ਅਤੇ ਲਗਨਮਈ, ਕੁਰਬਾਨੀ ਦਾ ਕ੍ਰਿਸ਼ਮਾ ਸੀ । ਸਾਰਾ ਸਮਾਂ ਹੀ ਘੜੀ ਦੀਆਂ ਸੂਈਆਂ ਨਾਲ ਬੰਨ੍ਹਿਆ ਹੁੰਦਾ । ਜਦੋਂ ਆਪ ਜੀ ਨੂੰ ਇੱਕ ਵਾਰ ਪੰਜਾਬ ਦੇ ਸਕੂਲ ਐਜੂਕੇਸ਼ਨ ਬੋਰਡ ਨੇ ਵੱਖ-ਵੱਖ ਜਮਾਤਾਂ ਦੇ ਸਿਲੇਬਸ ਅਨੁਸਾਰ ਵਿਆਕਰਣ ਲਿੱਖਣ ਲਈ 20 ਹਜ਼ਾਰ ਰੁਪਏ ਦੀ ਭੇਟਾ ਦੇਣ ਲਈ ਕਿਹਾ ਤਾਂ ਆਪ ਜੀ ਨੇ ਆਪਣਾ ਸਾਰਾ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਦੀ ਤਿਆਰੀ ਕਰਨ ਨੂੰ ਪਹਿਲ ਦੇ ਕੇ ਇੰਨੀ ਵੱਡੀ ਰਕਮ ਨੂੰ ਵੀ ਠੁਕਰਾ ਦਿੱਤਾ ਅਤੇ ਆਪਣਾ ਪਲ-ਪਲ ਗੁਰੂ ਪ੍ਰਤੀ ਆਰੰਭੇ ਕੰਮ ਨੂੰ ਹੀ ਸੌਂਪਿਆ ।

ਆਪ ਜੀ ਦਾ ਜੀਵਨ ਕਿੰਨਾ ਸਾਦਾ ਅਤੇ ਸੰਜਮੀ ਸੀ, ਇਸ ਦੀ ਇੱਕ ਮਿਸਾਲ ਆਪ ਜੀ ਨੂੰ ਡਾਕਟਰ ਆਫ ਲਿਟਰੇਚਰ ਦੀ ਡਿਗਰੀ ਮਿਲਣ ਸਮੇਂ ਮਿਲਦੀ ਹੈ, ਜਦੋਂ ਆਪ ਜੀ ਰਬੜ ਟਾਇਰਾਂ ਦੇ ਥੱਲੇ ਵਾਲੇ ਇੰਚ-ਇੰਚ ਮੋਟੇ ਹੰਢੇ ਹੋਏ ਪੁਰਾਣੇ ਅਤੇ ਗਾਂਢਿਆਂ ਵਾਲੇ ਬੂਟ ਪਾ ਕੇ, ਇੱਕ ਸਸਤਾ ਤੌਲੀਆ ਮੋਢੇ ਉੱਤੇ ਸੁੱਟ ਕੇ, ਬਿਨਾਂ ਪ੍ਰੈਸ ਕੀਤੇ ਹੋਏ ਕੁੜਤੇ-ਪਜਾਮੇ ਨਾਲ ਆਪ 'ਡਾਕਟਰ ਆਫ ਲਿਟਰੇਚਰ' ਦੀ ਡਿਗਰੀ ਲੈਣ ਲਈ ਤਿਆਰ ਹੋਏ ਤਾਂ ਸਾਰੇ ਪਰਿਵਾਰ ਨੇ ਆਪ ਜੀ ਨੂੰ ਆਪਣਾ ਪਹਿਰਾਵਾ ਬਦਲਣ ਲਈ ਕਿਹਾ ਤਾਂ ਆਪ ਜੀ ਨੇ ਜੁਆਬ ਦਿੱਤਾ ਕਿ "ਵਿਖਾਵਾ ਸਾਰੀ ਉਮਰ ਨਹੀਂ ਕੀਤਾ, ਹੁਣ ਕਿਸ ਨੂੰ ਖੁਸ਼ ਕਰਨ ਲਈ ਕਰਨਾ ਹੈ ।" ਸਾਰੇ ਬੱਚਿਆਂ ਦੇ ਵਿਆਹ ਇਸ ਸਾਦਗੀ ਨਾਲ ਕੀਤੇ ਕਿ ਗੁਆਢੀਆਂ ਨੂੰ ਵੀ ਵਿਆਹ ਹੋਣ ਤੋਂ ਬਾਅਦ ਪਤਾ ਲੱਗਦਾ । ਦੋ ਪੁੱਤਰਾਂ ਦੇ ਵਿਆਹਾਂ ਤੇ ਤਾਂ ਆਪ ਜੀ ਘਰ ਹੀ ਬੈਠੇ ਰਹੇ ਅਤੇ ਵੱਡੇ ਵੀਰ ਜਾ ਕੇ ਛੋਟੇ ਵੀਰਾਂ ਨੂੰ ਵਿਆਹ ਲਿਆਏ ।

ਆਪਜੀ ਦੇ ਸੁਭਾਅ ਦੀ ਮਿਠਾਸ, ਨਿਮਰਤਾ, ਵਿਦਵਤਾ, ਦ੍ਰਿੜ-ਲਗਨ, ਬਿਬੇਕ-ਬੁੱਧ, ਖੋਜੀ-ਸੁਭਾਅ ਅਤੇ ਮਹਾਨ ਲਿਖਣ-ਸ਼ੈਲੀ ਆਪਜੀ ਨੂੰ ਇੱਕ ਸੰਪੂਰਨਤਾ ਦੇ ਨੇੜੇ ਪੁਜਿਆ ਇਨਸਾਨ ਬਣਾਉਂਦੀਆਂ ਹਨ । ਆਪਜੀ ਦੀਆਂ ਸਾਰੀਆਂ ਹੀ ਰਚਨਾਵਾਂ ਕਈ ਯੂਨੀਵਰਸਿਟੀ ਵਿਦਿਆਰਥੀਆਂ ਲਈ ਡਾਕਟਰੇਟ ਦਾ ਆਧਾਰ ਹਮੇਸ਼ਾਂ ਹੀ ਬਣੀਆਂ ਰਹਿਣਗੀਆਂ ।

**ਇਹਨਾਂ ਦੀ ਜੀਵਨੀ ਤੋਂ ਸੇਧ** : ਅੱਜ ਜਦੋਂ ਅਜਿਹਾ ਮਹਾਨ ਵਿਦਵਾਨ ਸਾਡੇ ਦਰਮਿਆਨ ਨਹੀਂ ਰਿਹਾ, ਪ੍ਰੋਫੈਸਰ ਸਾਹਿਬ ਸਿੰਘ ਜੀ ਲਈ ਸਾਡਾ ਦਿਲੀ ਪਿਆਰ ਤੇ ਆਭਾਰ ਇਹ ਹੀ ਹੈ ਕਿ ਅਸੀਂ ਉਹਨਾਂ ਦੀ ਮਹਾਨ ਦੇਣ ਤੋਂ ਪੂਰੇ ਜਤਨਾਂ ਨਾਲ ਲਾਭ ਉਠਾਈਏ ਤੇ ਜੋ ਸੇਧ ਉਹਨਾਂ ਗੁਰਬਾਣੀ ਦੀ ਵਿਆਖਿਆ ਰਾਹੀਂ ਸਾਡੇ ਤੱਕ ਪਹੁੰਚਾਈ, ਉਸ ਨੂੰ ਅੱਗੇ ਪਹੁੰਚਾਈਏ ਤੇ ਜਿਸ ਲਗਨ ਨਾਲ ਉਹਨਾਂ ਨੇ ਇਹ ਅਥਾਹ ਮਿਹਨਤ ਕੀਤੀ, ਉਸ ਅਚੂਕ ਮਿਹਨਤ ਤੋਂ ਪ੍ਰੇਰਣਾ ਲੈ ਕੇ ਪ੍ਰੋਫੈਸਰ ਸਾਹਿਬ ਸਿੰਘ ਵਰਗਾ ਮਨੁੱਖ ਬਣਨ ਦਾ ਉਪਰਾਲਾ ਕਰੀਏ, ਇਹ ਹੀ ਉਹਨਾਂ ਪ੍ਰਤੀ ਸਾਡੇ ਸੱਚੇ ਪਿਆਰ ਦਾ ਪ੍ਰਗਟਾਵਾ ਹੋਵੇਗਾ ।

**********